8

# ਦਹਿਸ਼ਤ ਫੈਲਾਉਣ ਦੇ ਹੋਰ ਢੰਗ

ਪਿਛਲੇ ਖੰਡਾਂ ਵਿਚ ਪੇਸ਼ ਕੀਤੇ ਗਏ ਕੇਸਾਂ ਵਿਚੋਂ ਬਹੁਤੇ ਉਨ੍ਹਾਂ ਲੋਕਾਂ ਨਾਲ ਸਬੰਧਤ ਹਨ ਜਿਹੜੇ ਆਪਣੀਆਂ ਕਹਾਣੀਆਂ ਖ਼ੁਦ ਦੱਸਣ ਲਈ ਜ਼ਿੰਦਾ ਨਹੀਂ ਹਨ। ਉਹ ਨਾ ਕੇਵਲ ਮੌਤਾਂ ਦੀ ਗਿਣਤੀ ਵਿਚ ਵਾਧਾ ਕਰਨ ਅਤੇ ਸਰਕਾਰੀ ਇਨਾਮਾਂ ਲਈ ਉਚਿੱਤਤਾ ਦਾ ਕਾਰਣ ਹੀ ਬਣੇ ... ਬਲਕਿ ਉਹ ਆਮ ਜਨਤਾ ਨੂੰ "ਸਬਕ" ਸਿਖਾਉਣ ਲਈ ਵੀ ਸਨ। ਪਰ, ਲੋਕਾਂ ਨੂੰ ਖ਼ਤਮ ਕਰਨਾ ਹੀ ਸਿਰਫ ਦਹਿਸ਼ਤ ਫਿਲਾਉਣ ਦਾ ਸਾਧਨ ਨਹੀਂ ਸੀ। ਇਸ ਅਧਿਆਇ ਦਾ ਸਬੰਧ ਉਨ੍ਹਾਂ ਹੋਰ ਢੰਗਾਂ ਨਾਲ ਹੈ ਜਿਹੜੇ ਅਵੱਸ਼ ਹੀ ਸ਼ਿਕਾਰ ਹੋਏ ਵਿਅਕਤੀ ਦੀ ਮੌਤ ਦਾ ਕਾਰਣ ਨਹੀਂ ਬਣੇ।

***ਬਲਾਤਕਾਰ***

ਸਾਰੇ ਸੰਸਾਰ ਵਿਚ ਬਲਾਤਕਾਰ ਦਾ ਸ਼ਿਕਾਰ ਹੋਈ ਔਰਤ ਨੇ ਨਾ ਕੇਵਲ ਤਕਲੀਫ ਹੀ ਝੱਲੀ ਬਲਕਿ ਉਹ ਸਵੈ-ਮਾਣ ਅਤੇ ਸਮਾਜਿਕ ਰੁਤਬਾ ਵੀ ਗੁਆ ਬੈਠੀ - ਵਿਸ਼ੇਸ਼ ਕਰਕੇ ਰੂੜੀਵਾਦੀ ਵਿਚਾਰਾਂ ਵਾਲੇ ਸਮਾਜ ਵਿਚ। ਜ਼ਬਰ-ਜਨਾਹ ਦੇ ਕੇਸ ਤਾਂ ਬਹੁਤ ਹੋਏ ਪਰ ਸਾਹਮਣੇ ਘੱਟ ਆਏ ਕਿਉਂਕਿ ਇਸ ਦਾ ਸ਼ਿਕਾਰ ਹੋਈਆਂ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰ ਆਪਣੀ ਬਦਨਾਮੀ ਤੋਂ ਡਰਦੇ ਜ਼ਾਹਰ ਨਹੀਂ ਹੋਣ ਦੇਣਾ ਚਾਹੁੰਦੇ ਸਨ।

ਕਈ ਕੇਸਾਂ ਵਿਚ, ਬਲਾਤਕਾਰ ਤਸ਼ੱਦਦ ਕਰਨ ਵਜੋਂ ਕੀਤਾ ਗਿਆ ਸੀ। ਆਖਰਕਾਰ, ਅਸੀਂ ਮਹਿਸੂਸ ਕੀਤਾ ਕਿ ਔਰਤਾਂ ਵਿਰੁੱਧ ਇਨ੍ਹਾਂ ਜ਼ੁਲਮਾਂ ਨੂੰ ਵੱਖਰੇ ਤੌਰ ਤੇ ਪੇਸ਼ ਕੀਤਾ ਜਾਵੇ। ਇਹ ਅਜਿਹੇ ਕੇਸ ਹਨ ਜਿਨ੍ਹਾਂ ਵਿਚ ਇਨ੍ਹਾਂ ਦੇ ਸ਼ਿਕਾਰ ਨੇ ਆਪਣੀਆਂ ਕਹਾਣੀਆਂ ਆਪ ਦੱਸੀਆਂ। ਜਿਨ੍ਹਾਂ ਕੇਸਾਂ ਵਿਚ ਬਲਾਤਕਾਰ ਦੇ ਸ਼ਿਕਾਰਾਂ ਨੂੰ ਮਾਰ ਦਿੱਤਾ ਗਿਆ ਸੀ, ਉਨ੍ਹਾਂ ਦਾ ਜ਼ਿਕਰ '*ਹੱਤਿਆਵਾਂ ਅਤੇ ਗਾਇਬ ਕਰਨ*' ਦੇ ਭਾਗ ਵਿਚ ਕੀਤਾ ਗਿਆ ਹੈ। ਇਥੇ ਇਸ ਗੱਲ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਹੈ ਕਿ 'ਓਪਰੇਸ਼ਨ ਰਕਸ਼ਕ' ਸਮੇਂ, ਇਕ ਬਹੁਤ ਨੀਚ ਫੌਜੀ ਕਮਾਂਡਰ, ਬ੍ਰਿਗੇਡੀਅਰ ਸਿਨਹਾ ਨੇ ਕਈ ਪਿੰਡਾਂ ਦੀਆਂ ਪੰਚਾਇਤਾਂ ਨੂੰ ਸੱਦਿਆ ਅਤੇ ਧਮਕੀ ਦਿੱਤੀ ਕਿ ਉਸ ਦੇ ਸਿਪਾਹੀਆਂ ਦੁਆਰਾ ਪਿੰਡਾਂ ਦੀਆਂ ਔਰਤਾਂ ਨਾਲ ਜ਼ਬਰ-ਜਨਾਹ ਕਰਕੇ ਇਕ ਐਸੀ ਨਸਲ ਪੈਦਾ ਕੀਤੀ ਜਾਵੇਗੀ ਜੋ ਕਿ ਭਾਰਤ ਪ੍ਰਤਿ ਵਫਾਦਾਰ ਹੋਵੇਗੀ।"

ਇਸੇ ਤਰ੍ਹਾਂ, ਫਗਵਾੜਾ ਵਿਖੇ ਗੁਰੂ ਨਾਨਕ ਭਾਈ ਲਾਲੋ ਰਾਮਗੜ੍ਹੀਆ ਕਾਲਜ ਫਾਰ ਵਿਮੈਨ ਵਿਚ ਲੜਕੀਆਂ ਨੂੰ ਮਹਿਲਾ ਪੁਲਿਸ ਦੇ ਇਕ ਗਰੁੱਪ ਨੇ ਭਾਸ਼ਣ ਦਿੱਤਾ ਜਿਸ ਵਿਚ ਉਨ੍ਹਾਂ ਨੇ ਲੜਕੀਆਂ ਨੂੰ ਧਮਕੀ ਦਿੱਤੀ ਕਿ "ਤੁਸੀਂ ਸਾਰੀਆਂ ਕਵਾਰੀਆਂ ਹੋ। ਅਸੀਂ ਤੁਹਾਨੂੰ ਇਸ ਤਰ੍ਹਾਂ ਦਾ ਸਬਕ ਸਿਖਾਂਵਾਂਗੀਆਂ ਕਿ ਤੁਸੀਂ ਆਪਣਾ ਮੂੰਹ ਵੀ ਨਹੀਂ ਦਿਖਾ ਸਕੋਂਗੀਆਂ (ਜਲੂਸ ਕੱਢ ਕੇ ਰੱਖ ਦਿਆਂਗੇ)"। ਇਨ੍ਹਾਂ ਸਪੈਹਨਾਂ ਨੂੰ ਪ੍ਰਿੰਸੀਪਲ ਵਿਰੁੱਧ ਇਕ ਬਹੁਤ ਹੀ ਛੋਟੇ ਜਿਹੇ ਅੰਦੋਲਨ ਦੌਰਾਨ ਨਿਗਰਾਨੀ ਰੱਖਣ ਲਈ ਉਥੇ ਬੁਲਾਇਆ ਗਿਆ ਸੀ। ਪਰੰਤੂ ਇਹ ਮੌਕਾ ਕੁਕਰਮ ਕਰਨ ਦਾ ਇਕ ਵਧੀਆ ਮੌਕਾ ਸਮਝਿਆ ਗਿਆ। (ਨਵੰਬਰ 6, 1994 ਦੀ **ਟ੍ਰਿਬਿਊਨ** ਵਿਚ ਛਪਿਆ)।

ਇਕ 55 ਸਾਲ ਦੀ ਔਰਤ ਜੀਵਨ ਲਤਾ ਨਾਲ 3 ਜੁਲਾਈ, 1994 ਦੀ ਅੱਧੀ ਰਾਤ ਨੂੰ ਫਤਿਹਗੜ੍ਹ ਸਾਹਿਬ ਦੇ ਥਾਣਾ ਖੁਮਾਣੋ ਵਿਖੇ ਤਾਇਨਾਤ ਕਸ਼ਮੀਰ ਸਿੰਘ ਗਿੱਲ, ਡੀ ਐਸ ਪੀ ਦੁਆਰਾ ਬਲਾਤਕਾਰ ਕੀਤਾ ਗਿਆ ਅਤੇ ਉਸ ਦੀ ਸੱਤ ਸਾਲਾ ਪੋਤਰੀ ਨਾਲ ਛੇੜਖਾਨੀ ਵੀ ਕੀਤੀ ਗਈ। ਗਿੱਲ ਨੇ ਉਸ ਦੀ ਲੜਕੀ ਪੂਨਮ ਨੂੰ ਥਾਣੇ ਲਿਆਉਣ ਲਈ ਪੁਲਿਸ ਨੂੰ ਭੇਜਿਆ। ਜੀਵਨ ਲਤਾ ਨੇ ਝੂਠ ਕਹਿ ਦਿੱਤਾ ਕਿ ਉਸ ਦੀ ਲੜਕੀ ਘਰ ਵਿਚ ਨਹੀਂ ਹੈ ਅਤੇ ਪੁਲਿਸ ਚਲੀ ਗਈ ਅਤੇ ਅੱਧੇ ਗੰਟੇ ਬਾਅਦ ਫਿਰ ਵਾਪਸ ਆ ਗਈ ਅਤੇ ਹੁਕਮ ਦਿੱਤਾ ਕਿ ਉਸ ਦੀ ਪੋਤਰੀ ਨੂੰ ਥਾਣੇ ਲਿਆਂਦਾ ਜਾਵੇ।

ਇਹ ਸੋਚਦਿਆਂ ਕਿ ਸਿਆਣੀ ਉਮਰ ਹੋਣ ਕਰਕੇ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਗਾ, ਜੀਵਨ ਲਤਾ ਥਾਣੇ ਚਲੀ ਗਈ। ਡੀ ਐਸ ਪੀ ਨੇ ਉਸ ਨੂੰ ਬੈੱਡ ਉਤੇ ਆਪਣੇ ਨਾਲ ਬਿਠਾ ਲਿਆ ਅਤੇ ਕਿਹਾ ਕਿ "ਉਹ ਮੇਰੇ ਲਈ ਕੋਈ ਲੜਕੀ ਲਿਆਵੇ"। ਜਦੋਂ ਉਸਨੇ ਅਜਿਹਾ ਕੰਮ ਕਰਨ ਵਾਲੀ ਕਿਸੇ ਔਰਤ ਬਾਰੇ ਪਤਾ ਨਾ ਹੋਣ ਬਾਰੇ ਕਿਹਾ ਤਾਂ ਡੀ ਐਸ ਪੀ ਨੇ ਉਸੇ ਨਾਲ ਬਲਾਤਕਾਰ ਕੀਤਾ ਅਤੇ ਬੱਚੀ ਨਾਲ ਵੀ ਛੇੜ-ਛਾੜ ਕੀਤੀ। (**ਇੰਡੀਅਨ ਐਕਸਪ੍ਰੈਸ** ਵਿਚ ਛਪਿਆ)।

ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਬੀਰੋਮਾਜਰਾ ਵਿਚ ਅਜਿਹੀ ਇਕ ਹੋਰ ਘਿਨਾਉਣੀ ਘਟਨਾ ਵਾਪਰੀ। 24 ਦਸੰਬਰ, 1992 ਦੀ ਰਾਤ ਨੂੰ ਅੱਠ ਹਥਿਆਰਬੰਦ ਪੁਲਿਸ ਕਮਾਂਡੋਜ਼ ਦਾ ਇਕ ਦਸਤਾ ਪਿੰਡ ਦੇ ਸਰਪੰਚ ਚੁਨੀ ਲਾਲ ਦੇ ਜਵਾਈ ਸੁਭਾਸ਼ ਚੰਦਰ ਦੇ ਘਰ ਵਿਚ ਦਾਖਲ ਹੋਇਆ। ਉਨ੍ਹਾਂ ਨੇ ਸੁਭਾਸ਼ ਚੰਦਰ ਅਤੇ ਉਸ ਦੇ ਸਾਲੇ ਨੂੰ ਬੰਨ੍ਹ ਲਿਆ ਅਤੇ ਸੁਭਾਸ਼ ਚੰਦਰ ਦੀ ਪਤਨੀ, ਉਸਦੀ ਭੈਣ ਅਤੇ ਪਿੰਡ ਦੀ ਇਕ ਹੋਰ ਔਰਤ ਨਾਲ ਬਲਾਤਕਾਰ ਕੀਤਾ। ਉਨ੍ਹਾਂ ਦੇ ਗਹਿਣੇ ਚੁਰਾ ਲਏ, ਘਰ ਦਾ ਚੱਪਾ-ਚੱਪਾ ਛਾਣ ਮਾਰਿਆ ਅਤੇ ਜਾਣ ਤੋਂ ਪਹਿਲਾਂ ਜੋ ਕੁਝ ਵੀ ਉਨ੍ਹਾਂ ਦੇ ਹੱਥ ਲੱਗਾ, ਲੈ ਗਏ।

ਉਸ ਤੋਂ ਬਾਅਦ, ਪਿੰਡ ਵਾਲਿਆਂ ਨੇ ਇਲਾਕੇ ਵਿਚ ਰਾਤ ਦਾ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। 6 ਜਨਵਰੀ ਦੀ ਰਾਤ ਨੂੰ ਛੇ ਵਿਅਕਤੀ ਪਕੜੇ

ਜਿਨ੍ਹਾਂ ਨੂੰ ਉਨ੍ਹਾਂ ਔਰਤਾਂ ਨੇ ਪਹਿਚਾਣਿਆਂ ਕਿ ਇਹੀ ਉਨ੍ਹਾਂ ਦੇ ਹਮਲਾਵਰ ਸਨ। ਉਹ ਉਨ੍ਹਾਂ ਨੂੰ ਫੌਜ ਦੇ ਹਵਾਲੇ ਕਰਨਾ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਨੇੜੇ ਦੇ ਇਕ ਕੈਂਪ ਵਿਚੋਂ ਕੁਝ ਅਫਸਰਾਂ ਨੂੰ ਉਨ੍ਹਾਂ ਨੂੰ ਪਕੜਾਉਣ ਲਈ ਬੁਲਾਇਆ।

ਲਾਗਲੇ ਪਿੰਡਾਂ ਦੇ ਲੋਕ ਇਹ ਖ਼ਬਰ ਸੁਣ ਕੇ ਪਿੰਡ ਬੀਰੋਮਾਜਰੀ ਆਏ ਅਤੇ ਕੋਈ 12 ਘੰਟਿਆਂ ਮਗਰੋਂ ਪੁਲਿਸ ਆਪਣੇ ਬੰਦਿਆਂ ਨੂੰ ਛੁਡਾਉਣ ਆ ਗਈ ਅਤੇ ਉਥੇ ਬਹੁਤ ਭੀੜ ਲਗ ਗਈ। ਫੌਜੀ ਵੀ ਪਹਿਲਾਂ ਹੀ ਆ ਚੁੱਕੇ ਸਨ ਪਰੰਤੂ ਪੁਲਿਸ ਅਤੇ ਲੋਕਾਂ ਵਿਚਕਾਰ ਤਨਾਅ ਏਨਾ ਜ਼ਿਆਦਾ ਸੀ ਕਿ ਫੌਜ ਵਾਲੇ ਉਥੋਂ ਵਾਪਸ ਚਲੇ ਗਏ। ਪੁਲਿਸ ਨੇ ਬੰਦੂਕ ਦੀ ਨੋਕ ਤੇ ਉਨ੍ਹਾਂ ਬੰਦਿਆਂ ਨੂੰ ਰਿਹਾਅ ਕਰਨ ਲਈ ਪਿੰਡ ਵਾਲਿਆਂ ਨੂੰ ਮਜਬੂਰ ਕੀਤਾ ਅਤੇ ਫਿਰ ਉਸ ਪਿੰਡ ਅਤੇ ਆਲੇ-ਦੁਆਲੇ ਦੇ ਇਲਾਕੇ ਵਿਚ, ਲੋਕਾਂ - ਆਦਮੀ, ਔਰਤਾਂ ਅਤੇ ਬੱਚਿਆਂ ਤੇ ਤਸ਼ੱਦਦ ਕਰਕੇ ਇਕ ਦਹਿਸ਼ਤ ਪੈਦਾ ਕਰ ਦਿੱਤੀ ਅਤੇ ਉਨ੍ਹਾਂ ਦੇ ਘਰ ਵੀ ਲੁੱਟੇ।

ਪੁਲਿਸ ਨੇ ਪਿੰਡ ਦੇ ਸਰਪੰਚ ਅਤੇ 12 ਹੋਰਨਾਂ ਵਿਰੁੱਧ ਹਥਿਆਰ ਖੋਹਣ, ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਅਤੇ ਕਿਸੇ ਸਰਕਾਰੀ ਕਰਮਚਾਰੀ ਨੂੰ ਆਪਣੀ ਡਿਊਟੀ ਨਿਭਾਉਣ ਵਿਚ ਵਿਘਨ ਪਾਉਣ ਲਈ ਕੇਸ ਦਰਜ ਕੀਤਾ।

ਬੀਰੋਮਾਜਰੀ ਦੀ ਘਟਨਾ ਪੁਲਿਸ ਅਤੇ ਫੌਜ ਵਿਚਕਾਰ ਇਕ ਬਹੁਤ ਕੁੜੱਤਣ ਦਾ ਕਾਰਣ ਬਣੀ। ਫਤਿਹਗੜ੍ਹ ਸਾਹਿਬ ਦੇ ਐਸ ਐਸ ਪੀ ਨੇ ਡੀ ਆਈ ਜੀ ਰਾਜਨ ਗੁਪਤਾ ਨੂੰ ਸ਼ਿਕਾਇਤ ਕੀਤੀ ਕਿ ਫੌਜੀ ਨੇੜੇ ਖੜ੍ਹੇ ਰਹੇ ਪਰੰਤੂ ਭੜਕੇ ਹੋਏ ਪੇਂਡੂਆਂ ਤੋਂ ਬੰਦਿਆਂ ਨੂੰ ਛੁਡਾਉਣ ਲਈ ਕੁਝ ਨਹੀਂ ਕੀਤਾ। ਆਰਮੀ ਯੂਨਿਟ ਦੇ ਕਮਾਂਡਰ ਨੇ ਆਪਣੇ ਸੀਨੀਅਰ ਅਫਸਰਾਂ ਨੂੰ ਦੱਸਿਆ ਕਿ ਪਕੜੇ ਗਏ ਕਮਾਂਡੋ ਬਲਾਤਕਾਰੀ, ਚੋਰ-ਉਚੱਕੇ ਸਨ ਅਤੇ ਇਸੇ ਕਰਕੇ ਹੀ ਉਹ ਵਾਪਸ ਚਲੇ ਗਏ ਸਨ।

ਇਕ ਦਲਿਤ ਔਰਤ ਕੈਲਾਸ਼ੋ ਦੇਵੀ ਨੂੰ 5 ਫਰਵਰੀ, 1995 ਨੂੰ ਜਾਖਲ ਥਾਣੇ ਵਿਚ ਇਸ ਦੋਸ਼ ਤੇ ਲਿਆਂਦਾ ਗਿਆ ਕਿ ਉਸ ਨੇ ਆਪਣੇ ਮਾਲਕ ਦੇ ਘਰ ਵਿਚੋਂ ਚੋਰੀ ਕੀਤੀ ਹੈ। ਉਸ ਪਾਸੋਂ ਕੁਝ ਵੀ ਬਰਾਮਦ ਨਹੀਂ ਹੋਇਆ ਪਰੰਤੂ ਜਦੋਂ ਉਹ ਥਾਣੇ ਵਿਚ ਸੀ, ਤਾਂ ਉਸ ਨਾਲ ਇਕ ਮਹਿਲਾ ਸਿਪਾਹੀ, ਸਤਿਆ ਦੀ ਮੌਜੂਦਗੀ ਵਿਚ ਐਸ ਐਚ ਓ ਰਾਠੀ ਅਤੇ ਕਈ ਸਿਪਾਹੀਆਂ ਨੇ ਬਲਾਤਕਾਰ ਕੀਤਾ। ਉਸ ਨੂੰ ਬਹੁਤ ਕੁੱਟਿਆ-ਮਾਰਿਆ ਅਤੇ ਫਿਰ ਚੰਦਪੁਰ ਨਹਿਰ ਵਿਚ ਗੋਤੇ ਦਿੱਤੇ।

ਜਦੋਂ ਉਸ ਦੀ ਹਾਲਤ ਬਹੁਤ ਜ਼ਿਆਦਾ ਵਿਗੜ ਗਈ ਤਾਂ ਉਸ ਨੂੰ ਪਿੰਡ ਵਾਲਿਆਂ ਦੇ ਹਵਾਲੇ ਕਰ ਦਿੱਤਾ, ਜਿਹੜੇ ਉਸ ਨੂੰ ਟੋਹਾਣਾ ਸਿਵਲ ਹਸਪਤਾਲ ਲੈ ਗਏ ਜਿਥੇ ਡਾਕਟਰਾਂ ਨੇ ਉਸਦਾ ਹੋਰ ਇਲਾਜ ਤਾਂ ਕੀਤਾ ਪਰ ਬਲਾਤਕਾਰ ਪੱਖੋਂ ਉਸ ਦਾ ਮੁਆਇਨਾ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੂੰ

ਸਹੀ ਡਾਕਟਰੀ ਸਹਾਇਤਾ ਤਦ ਮਿਲੀ ਜਦੋਂ ਜਸਟਿਸ ਅਮਰਜੀਤ ਚੌਧਰੀ ਦੀ ਨਿਗਾਹ ਉਸ ਤੇ ਪਈ ਜਦੋਂ ਉਹ ਮੁਆਇਨਾ ਕਰਨ ਲਈ ਦੌਰੇ ਤੇ ਟੋਹਾਣਾ ਆਏ। ਜਾਖਲ ਪਿੰਡ ਘੱਗਰ ਦੇ ਪੰਜਾਬ ਵਾਲੇ ਪਾਸੇ ਦੀ ਜਗ੍ਹਾ ਤੇ ਇਕ ਛੋਟੀ ਜਿਹੀ ਪੱਟੀ ਤੇ ਸਥਿਤ ਹੈ ਪਰੰਤੂ ਇਹ ਹਰਿਆਣਾ ਦਾ ਹਿੱਸਾ ਹੈ।

ਦਵਿੰਦਰ ਪਾਲ (ਗੁਰਦਾਸਪੁਰ ਐਸ ਐਸ ਪੀ ਮੁਹੰਮਦ ਮੁਸਤਫਾ ਦਾ ਅੰਗ-ਰਖਿਅਕ) ਅਤੇ ਤਿੰਨ ਹੋਰਨਾਂ, ਜਿਨ੍ਹਾਂ ਦੇ ਨਾਂ ਸਨ ਸਤੀਸ਼, ਗੋਗੀ ਅਤੇ ਦਾਰਾ ਨੇ ਚੰਡੀਗੜ੍ਹ ਦੇ ਨਾਲ ਲਗਦੇ ਕਸਬੇ ਮਨੀਮਾਜਰਾ ਦੇ ਮੜ੍ਹੀਵਾਲਾ ਮੁਹੱਲੇ ਵਿਚ ਰਹਿ ਰਹੀ ਇਕ 25-ਸਾਲਾ ਵਿਆਹੁਤਾ ਔਰਤ ਨਾਲ ਬੰਦੂਕ ਦੀ ਨੋਕ ਤੇ ਬਲਾਤਕਾਰ ਕੀਤਾ। ਇਸ ਕੇਸ ਦਾ ਇਕ ਮਹੱਤਵਪੂਰਣ ਪਹਿਲੂ ਇਹ ਹੈ ਕਿ ਪਹਿਲਾਂ ਪੁਲਿਸ ਨੇ ਕੇਸ ਦਰਜ ਕਰਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਇਕ ਦੋਸ਼ੀ ਐਸ ਐਸ ਪੀ ਦਾ ਅੰਗ-ਰਖਿਅਕ ਸੀ।

ਇਹ ਬਲਾਤਕਾਰ / ਤਸ਼ੱਦਦ ਦੇ ਅਜਿਹੇ ਕੇਸ ਹਨ ਜਿਨ੍ਹਾਂ ਵਿਚ ਔਰਤਾਂ ਦੇ ਜ਼ਿਆਦਾ ਕਤਲ ਨਹੀਂ ਕੀਤੇ ਗਏ। ਅਜਿਹੇ ਕੇਸ ਜਿਨ੍ਹਾਂ ਵਿਚ ਬਲਾਤਕਾਰ ਤੋਂ ਬਾਅਦ ਔਰਤਾਂ ਮਰ ਗਈਆਂ, ਦਾ ਵਰਣਨ ਤਸ਼ੱਦਦ ਭਾਗ (ਪਿੰਡ ਭਾਮ, ਜ਼ਿਲ੍ਹਾ ਬਟਾਲਾ ਦੀਆਂ ਸਤਵਿੰਦਰ ਕੌਰ ਅਤੇ ਸਰਬਜੀਤ ਕੌਰ) ਵਿਚ ਕੀਤਾ ਗਿਆ ਹੈ।

*ਚੋਰੀ ਅਤੇ ਲੁੱਟ-ਮਾਰ*

ਜਦੋਂ ਪ੍ਰਾਂਤਿਕ ਸਿਵਲ ਸੇਵਾਵਾਂ (ਪੀ ਸੀ ਐਸ) ਦੇ ਅਫਸਰ ਅਗਸਤ, 1993 ਵਿਚ ਹੜਤਾਲ ਤੇ ਸਨ, ਤਾਂ ਉਨ੍ਹਾਂ ਦੇ ਯਾਦ-ਪੱਤਰ ਵਿਚ ਕਈ ਕੇਸ ਰਿਕਾਰਡ ਕੀਤੇ ਗਏ (ਸੰਸਥਾਵਾਂ - ਸਿਵਲ ਸਰਵਿਸ ਵਾਲੇ ਭਾਗ ਵਿਚ ਵੀ ਹਵਾਲਾ ਦਿੱਤਾ ਗਿਆ)।

ਇਨ੍ਹਾਂ ਵਿਚੋਂ ਇਕ ਜਲੰਧਰ ਦੇ ਸੁਨਿਆਰੇ ਨਰੇਸ਼ ਕੁਮਾਰ ਦਾ ਕੇਸ ਹੈ ਜਿਸ ਤੇ 10 ਲੱਖ ਰੁਪਏ ਦੀ ਕੀਮਤ ਦੇ ਕਈ ਵਿਅਕਤੀਆਂ ਨਾਲ ਸਬੰਧਤ ਸੋਨੇ ਵਿਚ ਹੇਰਾਫੇਰੀ ਕਰਨ ਦਾ ਦੋਸ਼ ਸੀ। ਸੁਨਿਆਰੇ ਸਮੇਤ ਸੋਨਾ ਪਕੜ ਲਿਆ ਗਿਆ ਸੀ। ਨਰੇਸ਼ ਕੁਮਾਰ ਭੇਦ-ਭਰੀ ਹਾਲਤ ਵਿਚ ਪੁਲਿਸ ਹਿਰਾਸਤ ਵਿਚ ਮਰ ਗਿਆ ਅਤੇ ਸੋਨਾ ਗਾਇਬ ਕਰ ਦਿੱਤਾ ਗਿਆ। ਪੀ ਸੀ ਐਸ ਅਫਸਰਾਂ ਨੇ ਇਸ ਨੂੰ ਸੀਨੀਅਰ ਪੁਲਿਸ ਅਫਸਰਾਂ ਦੀ ਸਾਜ਼ਿਸ਼ ਦੱਸਿਆ।

*ਕਾਲੇ-ਕੱਛਿਆਂਵਾਲੇ*

1984 ਤੋਂ 1994 ਤਕ ਦਾ ਦਹਾਕਾ ਬੜਾ ਅਜੀਬ ਅਤੇ ਭੇਦ ਭਰਿਆ ਸੀ ਪਰੰਤੂ "ਕਾਲੇ ਕੱਛਿਆਂਵਾਲੇ" ਨਾਂ ਰਾਹੀਂ ਪੰਜਾਬ ਦੇ ਪਿੰਡਾਂ ਵਿਚ ਬਹੁਤ ਅਜੀਬ ਹੀ ਘਟਨਾ ਵਾਪਰੀ (ਸ਼ਾਇਦ ਆਇਰਲੈਂਡ ਦੇ ਬਜ਼ੁਰਗ ਇਸ ਚੀਜ਼ ਨੂੰ ਮੰਨ ਜਾਣ ਕਿਉਂਕਿ ਪੰਜਾਬ ਦੇ "ਕਾਲੇ ਕੱਛਿਆਂਵਾਲੇ" ਗਰੋਹ ਨੇ ਆਇਰਲੈਂਡ

ਦੇ "ਬਲੈਕ ਐਂਡ ਟੈਨ" ਜਿਸ ਨੇ ਸਦੀ ਦੇ ਅੰਤ ਤੇ ਦਿਹਾਤੀ ਆਇਰਲੈਂਡ ਵਿਚ ਆਤੰਕ ਫਿਲਾ ਦਿੱਤਾ ਸੀ, ਨਾਲੋਂ ਵੀ ਵੱਧ ਆਤੰਕ ਫੈਲਾਇਆ।)

"ਕਾਲੇ ਕੱਛਿਆਂ" ਦੇ ਪਹਿਲੇ ਹਮਲੇ, ਰਾਵੀ ਦੇ ਕੰਢਿਆਂ ਦੇ ਨਾਲ ਨਾਲ ਲਗਦੇ ਗੁਰਦਾਸਪੁਰ ਜ਼ਿਲ੍ਹੇ ਵਿਚ ਅਤੇ ਸਤਲੁਜ ਦੇ ਕੰਢਿਆਂ ਦੇ ਨਾਲ ਨਾਲ ਲਗਦੇ ਦਲ-ਦਲ ਵਾਲੇ ਇਲਾਕਿਆਂ ਜਲੰਧਰ ਜ਼ਿਲ੍ਹੇ ਵਿਚ 1991 ਦੀਆਂ ਗਰਮੀਆਂ ਵਿਚ ਹੋਏ। ਇਨ੍ਹਾਂ ਇਲਾਕਿਆਂ ਦੇ ਪਿੰਡ ਛੋਟੇ ਅਤੇ ਦੂਰ ਦੂਰ ਹਨ। ਠੱਗ-ਸਿਪਾਹੀ ("ਸਿਪਾਹੀ" - ਪੁਲਿਸ) ਆਪਣੇ ਨਿਸ਼ਾਨੇ ਆਸਾਨੀ ਨਾਲ ਲੱਭ ਲੈਂਦੇ ਅਤੇ ਛੋਟੇ ਅਤੇ ਬਿਖਰੇ ਇਨ੍ਹਾਂ ਪਿੰਡਾਂ ਤੋਂ ਉਨ੍ਹਾਂ ਦਾ ਬੜਾ ਘੱਟ ਵਿਰੋਧ ਹੁੰਦਾ। ਇਨ੍ਹਾਂ ਇਲਾਕਿਆਂ ਵਿਚ ਅੱਤਵਾਦ ਦਾ ਬਹੁਤ ਪ੍ਰਭਾਵ ਸੀ।

ਅਗਸਤ, 1991 ਵਿਚ ਅੱਧੀ ਰਾਤ ਦੀਆਂ ਅਸਚਰਜ ਘਟਨਾਵਾਂ ਦੱਖਣ ਵਾਲੇ ਪਾਸੇ ਤੋਂ ਸ਼ੁਰੂ ਹੋਈਆਂ, ਮਾਲਵਾ ਇਲਾਕੇ ਦੇ ਪਿੰਡਾਂ, ਅਰਥਾਤ ਰੋਪੜ, ਲੁਧਿਆਣਾ, ਪਟਿਆਲਾ, ਸੰਗਰੂਰ, ਬਠਿੰਡਾ, ਫਿਰੋਜ਼ਪੁਰ ਅਤੇ ਫਰੀਦਕੋਟ ਜ਼ਿਲ੍ਹਿਆਂ ਤੋਂ ਅਜਿਹੀਆਂ ਲੁੱਟ-ਮਾਰ ਦੀਆਂ ਰਿਪੋਰਟਾਂ ਆਉਣ ਲੱਗੀਆਂ। ਹਰੇਕ ਪਿੰਡ ਤੋਂ ਇਕੋ ਜਿਹੀ ਰਿਪੋਰਟ ਆਉਂਦੀ: ਲੋਕ ਖਾਕੀ ਪੈਂਟਾਂ ਅਤੇ ਜਰਸੀਆਂ (ਜਾਂ ਕਈ ਰਿਪੋਰਟਾਂ ਵਿਚ ਇਹ ਕਿਹਾ ਗਿਆ ਕਿ ਸਿਰਫ ਕੱਛਾ ਹੀ ਪਾਇਆ ਹੁੰਦਾ ਸੀ ਅਤੇ ਸਰੀਰ ਤੇ ਤੇਲ ਮਲਿਆ ਹੁੰਦਾ ਸੀ ਤਾਂ ਕਿ ਉਨ੍ਹਾਂ ਨੂੰ ਪਕੜਨਾ ਮੁਸ਼ਕਲ ਹੋ ਜਾਵੇ) ਪਹਿਨੇ 15-20 ਆਦਮੀਆਂ ਦਾ ਗਰੋਹ ਜਿਨ੍ਹਾਂ ਕੋਲ ਲਾਠੀਆਂ ਅਤੇ ਪਿਸਤੌਲ ਹੁੰਦੇ ਸਨ, ਉਹ ਪਿੰਡਾਂ ਦੇ ਬਾਹਰਵਾਰ ਅੱਧੀ ਰਾਤ ਨੂੰ ਘਰਾਂ ਦਾ ਦਰਵਾਜ਼ਾ ਖੜਕਾਉਂਦੇ ਸਨ।

ਆਪਣੇ ਆਪ ਨੂੰ ਰਾਤ ਦੀ ਡਿਊਟੀ ਦੇਣ ਵਾਲੇ ਪੁਲਿਸ ਵਾਲੇ ਦੱਸਦਿਆਂ ਉਹ ਘਰ ਵਿਚ ਵੜ ਜਾਂਦੇ ਅਤੇ ਘਰ ਵਾਲਿਆਂ ਨੂੰ ਧਮਕੀ ਦੇ ਕੇ ਲੁੱਟ-ਮਾਰ ਕਰਦੇ, ਔਰਤਾਂ ਦੇ ਗਹਿਣੇ, ਬਿਜਲੀ ਦਾ ਸਮਾਨ, ਇੱਥੋਂ ਤਕ ਕਿ ਪੱਖੇ ਵੀ ਨਾ ਛੱਡਦੇ। ਇਸ ਤਰ੍ਹਾਂ, ਆਮ ਤੌਰ ਤੇ ਉਹ ਦੋ ਜਾਂ ਤਿੰਨ ਘਰਾਂ ਨੂੰ ਲੁੱਟ ਲੈਂਦੇ।

ਪੁਲਿਸ ਨੇ ਐਲਾਨ ਕੀਤਾ ਕਿ ਇਹ ਲੁਟੇਰੇ ਜਿਹੜੇ ਹਰ ਰਾਤ ਦਰਜਨਾਂ ਪਿੰਡਾਂ ਨੂੰ ਲੁੱਟਦੇ ਹਨ, ਅਪਰਾਧੀ ਕਬੀਲੇ ਦੇ ਮੈਂਬਰ ਹਨ ਜਿਨ੍ਹਾਂ ਨੇ ਅਚਾਨਕ ਪੰਜਾਬ ਤੇ ਧਾਵਾ ਬੋਲ ਦਿੱਤਾ ਹੈ। ਜੇਕਰ ਇਸ ਤਰ੍ਹਾਂ ਸੀ ਤਾਂ ਉਨ੍ਹਾਂ ਮੂਰਖਾਂ ਦੀ ਪ੍ਰਸ਼ੰਸਾ ਵੀ ਕਰਨੀ ਹੋਵੇਗੀ ਜਿਨ੍ਹਾਂ ਨੇ (ਬਾਕੀ ਥਾਵਾਂ) ਨੂੰ ਛੱਡ ਕੇ ਸਿਰਫ ਪੰਜਾਬ ਨੂੰ ਲੁੱਟਣ ਲਈ ਉਸ ਸਮੇਂ ਨੂੰ ਚੁਣਿਆਂ ਜਦੋਂ ਆਰਮੀ ਅਤੇ ਪੁਲਿਸ ਥਾਂ ਥਾਂ ਤੇ ਤਾਇਨਾਤ ਕੀਤੀ ਹੋਈ ਸੀ ਅਤੇ ਕੇ ਪੀ ਐਸ ਗਿੱਲ ਨੂੰ ਡਾਇਰੈਕਟਰ ਜਨਰਲ ਆਫ ਪੁਲਿਸ ਵਜੋਂ ਪੰਜਾਬ ਵਿਚ ਵਾਪਸ ਬੁਲਾਇਆ ਗਿਆ ਸੀ।

ਪਰੰਤੂ ਪਿੰਡਾਂ ਵਾਲਿਆਂ ਨੇ "ਕਬੀਲਾ ਥਿਊਰੀ" ਤੇ ਭਰੋਸਾ ਨਹੀਂ ਕੀਤਾ। ਉਨ੍ਹਾਂ ਨੇ ਸ਼ੱਕ ਕੀਤਾ ਕਿ ਚੋਰ ਦਰਅਸਲ ਪੁਲਸੀਏ ਹਨ। ਹਰੇਕ

ਸਰਪੰਚ ਨੇ ਇਸ ਗੱਲ ਦੀ ਤਸਦੀਕ ਕੀਤੀ ਕਿ ਚੋਰਾਂ ਦੇ ਆਉਣ ਤੋਂ ਦੋ ਜਾਂ ਤਿੰਨ ਦਿਨ ਪਹਿਲਾਂ ਉਨ੍ਹਾਂ ਦੇ ਪਿੰਡਾਂ ਦਾ ਦੌਰਾ ਇਕ ਪੁਲਿਸ ਦੀ ਪਾਰਟੀ ਕਰਦੀ ਹੁੰਦੀ ਸੀ। ਕੁਝ ਪੁਲਿਸ ਵਾਲੇ ਦੇਖੇ ਗਏ ਸਨ ਜਿਨ੍ਹਾਂ ਨੇ ਅਪਰਾਧੀਆਂ ਵਾਲੀਆਂ ਪੈਂਟਾਂ ਪਾਈਆਂ ਹੋਈਆਂ ਹੁੰਦੀਆਂ ਸਨ ਅਤੇ ਕਦੀ ਕਦੀ ਇਹ ਵੀ ਧਿਆਨ ਵਿਚ ਆਇਆ ਕਿ ਲੁਟੇਰੇ ਇਲਾਕੇ ਵਿਚ ਸਿਪਾਹੀਆਂ ਦੇ ਰੂਪ ਵਿਚ ਘੁੰਮਦੇ ਦਿਖਾਈ ਦਿੰਦੇ ਹਨ।

ਮਾਲਵੇ ਦੇ ਪਿੰਡਾਂ ਵਿਚ ਲੁੱਟ-ਮਾਰ ਕਰਨਾ ਆਸਾਨ ਨਹੀਂ ਹੈ : ਇਹ ਪਿੰਡ ਵੱਡੇ ਅਤੇ ਸੰਘਣੀ ਆਬਾਦੀ ਵਾਲੇ ਹਨ। ਇਸ ਖ਼ਤਰੇ ਦਾ ਮੁਕਾਬਲਾ ਕਰਨ ਲਈ ਪਿੰਡਾਂ ਵਾਲਿਆਂ ਨੇ ਆਪਣੇ ਪਹਿਰੇ ਦੇਣ ਦੇ ਪ੍ਰਬੰਧ ਕੀਤੇ - ਠੀਕਰੀ ਪਹਿਰੇ - ਇਨ੍ਹਾਂ ਵਿਚ ਪਿੰਡ ਵਾਲਿਆਂ ਦੁਆਰਾ ਸ਼ੱਕੀ ਤੌਰ ਤੇ ਘੁੰਮਣ ਵਾਲੇ ਅਗਿਆਤ ਵਿਅਕਤੀਆਂ ਤੇ ਨਿਗਾਹ ਰੱਖਣ ਲਈ ਦਿਨ-ਰਾਤ ਪਹਿਰਾ ਦਿੱਤਾ ਜਾਂਦਾ ਸੀ। ਇਹ ਪਹਿਰੇ ਬਹੁਤ ਅਸਰਦਾਇਕ ਸਨ ਅਤੇ ਹੁਣ ਮਜ਼ਾ ਸ਼ੁਰੂ ਹੋਇਆ।

ਇਹੋ ਜਿਹੀਆਂ ਦਰਜਨਾਂ ਖਬਰਾਂ ਆਉਣੀਆਂ ਸ਼ੁਰੂ ਹੋ ਗਈਆਂ ਜਿਨ੍ਹਾਂ ਵਿਚ ਪਿੰਡ ਵਾਲਿਆਂ ਨੇ ਅਪਰਾਧੀਆਂ ਨੂੰ ਪਕੜਿਆ ਅਤੇ ਉਹ ਹਮੇਸ਼ਾ ਪੁਲਿਸ ਵਾਲੇ ਨਿਕਲੇ। ਦੂਜੇ ਕੇਸਾਂ ਵਿਚ, ਅਜੇ ਪਿੰਡ ਵਾਲੇ ਸ਼ੱਕੀ ਵਿਅਕਤੀਆਂ ਨੂੰ ਪਕੜਦੇ ਹੀ ਸਨ ਕਿ ਸੀਨੀਅਰ ਪੁਲਿਸ ਅਫਸਰਾਂ ਦੀ ਅਗਵਾਈ ਵਿਚ ਪੁਲਿਸ ਪਾਰਟੀ ਫੱਟ ਸ਼ੱਕੀ ਵਿਅਕਤੀਆਂ ਨੂੰ ਪਿੰਡ ਵਾਲਿਆਂ ਤੋਂ ਛੁਡਾਉਣ ਲਈ ਅੱਪੜ ਜਾਂਦੀ। ਇਨ੍ਹਾਂ ਵਿਚੋਂ ਕੁਝ ਘਟਨਾਵਾਂ ਅਖਬਾਰਾਂ ਵਿਚ ਵੀ ਛੱਪੀਆਂ : ਕੁਝ ਇਕ ਇਸ ਤਰ੍ਹਾਂ ਸਨ : ਪਟਿਆਲਾ ਜ਼ਿਲ੍ਹੇ ਵਿਚ ਬਨੂੜ ਨੇੜੇ ਪਿੰਡ ਕਰਾਲਾ, ਜਲੰਧਰ ਵਿਚ ਸੂਫੀ ਪਿੰਡ ਅਤੇ ਧੰਨੋਵਾਲੀ, ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪਿੰਡ ਪੰਡੋਰੀ ਅਤੇ ਹਰੀਆਂ, ਰੋਪੜ ਜ਼ਿਲ੍ਹੇ ਵਿਚ ਤਿਊੜ, ਅਤੇ ਲੁਧਿਆਣਾ ਜ਼ਿਲ੍ਹੇ ਵਿਚ ਹਸਨਪੁਰ ਅਤੇ ਭਾਗਾ ਖੁਰਦ। ਪਿੰਡ - ਪੁਲਿਸ ਮੁਕਾਬਲਾ ਅਕਸਰ ਇਕ ਤਮਾਸ਼ਾ ਜਿਹਾ ਬਣ ਜਾਂਦੇ ਸਨ। ਬਲਾਕ ਲਹਿਰਾ, ਜ਼ਿਲ੍ਹਾ ਸੰਗਰੂਰ ਵਿਚ ਭੱਟਲ ਕਲਾਂ ਨੇੜੇ, ਪਿੰਡ ਵਾਲਿਆਂ ਨੇ ਕਾਲੇ-ਕੱਛੇਵਾਲੇ ਇਕ ਬਦਕਿਸਮਤ ਗਰੋਹ ਨੂੰ ਦੇਖਿਆ ਅਤੇ ਪਿੱਛਾ ਕੀਤਾ। ਚੂਹੇ ਭੱਜ ਕੇ ਆਪਣੀ ਖੁੱਡ ਵਿਚ ਜਾ ਵੜੇ - ਜੋ ਕਿ ਇਕ ਖ਼ਾਸ ਅਹਿਮੀਅਤ ਵਾਲੀ ਖੁੱਡ ਸੀ - ਅਰਥਾਤ ਨੇੜੇ ਦੀ ਪੁਲਿਸ ਚੌਕੀ। ਇਹ ਸਿਪਾਹੀ-ਲੁਟੇਰੇ ਪੁਲਿਸ ਚੌਕੀ ਵਿਚ ਜਾ ਵੜੇ ਅਤੇ ਦਰਜਨਾਂ ਪਿੰਡਾਂ ਵਾਲਿਆਂ ਨੇ ਉਸ ਪੁਲਿਸ ਚੌਕੀ ਨੂੰ ਘੇਰਾ ਪਾ ਲਿਆ। ਅੰਤ ਵਿਚ, ਜ਼ਿਲ੍ਹੇ ਦਾ ਐਸ ਐਸ ਪੀ ਆਇਆ ਅਤੇ ਆਪਣੇ ਬੰਦਿਆਂ ਨੂੰ ਛੁਡਾ ਕੇ ਲੈ ਗਿਆ।

ਹੋਰਨਾਂ ਮੌਕਿਆਂ ਤੇ ਪਿੰਡ ਵਾਲਿਆਂ ਨੂੰ ਨਤੀਜੇ ਭੁਗਤਣੇ ਪਏ ਸਨ। ਅੰਮ੍ਰਿਤਸਰ-ਚੋਗਾਵਾਂ ਸੜਕ ਤੇ ਮਾਹਲ ਵਿਖੇ ਆਪਣੇ ਰਾਤ ਦੇ ਠੀਕਰੀ ਪਹਿਰੇ ਦੌਰਾਨ ਪਿੰਡ ਵਾਲਿਆਂ ਨੇ ਸ਼ੱਕੀ ਹਾਲਤ ਵਿਚ ਫਿਰਦੇ ਛੇ ਵਿਅਕਤੀਆਂ ਨੂੰ

ਦੇਖਿਆ ਅਤੇ ਰੌਲਾ ਪਾ ਦਿੱਤਾ। ਅਚਾਨਕ ਛੇ ਸੀ ਆਰ ਪੀ ਐਫ ਕਰਮਚਾਰੀਆਂ ਅਤੇ ਕਈ ਪੁਲਿਸ ਵਾਲਿਆਂ ਦਾ ਇਕ ਬੈਚ ਆਇਆ ਪਰੰਤੂ ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਉਨ੍ਹਾਂ ਦਾ ਪਿੱਛਾ ਕਰਨ ਤੋਂ ਰੋਕਿਆ। ਪਿੰਡ ਵਾਲਿਆਂ ਨੇ ਕਿਹਾ ਕਿ ਜਿਨ੍ਹਾਂ ਬੰਦਿਆਂ ਨੂੰ ਉਨ੍ਹਾਂ ਨੇ ਦੇਖਿਆ ਸੀ ਉਹ ਘਟਨਾ ਤੋਂ ਕੁਝ ਮਿੰਟਾਂ ਬਾਅਦ ਹੀ ਪੁਲਿਸ ਦੀ ਜੀਪ ਵਿਚ ਬੈਠੇ ਸਨ ਅਤੇ ਕਿਹਾ ਕਿ ਅਪਰਾਧੀ ਅਤੇ ਪੁਲਸੀਏ ਘੁਲੇ-ਮਿਲੇ ਹਨ।

ਇਸ ਤੋਂ ਚਿੜ ਕੇ ਪੁਲਿਸ ਨੇ ਪਿੰਡ ਵਾਲਿਆਂ ਨੂੰ ਡਾਂਗਾਂ ਨਾਲ ਕੁੱਟਿਆ। ਉਨ੍ਹਾਂ ਵਿਚੋਂ ਪੰਚਾਇਤ ਅਤੇ ਪਿੰਡ ਦੇ ਹੋਰ ਸਿਆਣੇ ਵਿਅਕਤੀਆਂ ਸਮੇਤ ਕੋਈ 20 ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ।

ਜਨਵਰੀ, 1992 ਦੇ ਅੰਤ ਤਕ ਜਦੋਂ ਇਹੋ ਜਿਹੀਆਂ ਅਨੇਕਾਂ ਕਹਾਣੀਆਂ ਅਖਬਾਰਾਂ ਵਿਚ ਆਉਣ ਲਗ ਪਈਆਂ ਤਾਂ ਇਹ ਘਟਨਾਵਾਂ ਅਚਾਨਕ ਇਸ ਤਰ੍ਹਾਂ ਬੰਦ ਹੋ ਗਈਆਂ ਜਿਸ ਤਰ੍ਹਾਂ ਇਹ ਸ਼ੁਰੂ ਹੋਈਆਂ ਸਨ ਪਰੰਤੂ ਪੰਜਾਬ ਪੁਲਿਸ ਇਸ ਡਰਾਮੇ ਵਿਚੋਂ ਨੰਗੀ ਹੋ ਗਈ ਅਤੇ ਉਸ ਦੀ ਕਾਫੀ ਬਦਨਾਮੀ ਹੋ ਗਈ।

ਕਾਲੇ-ਕੱਛਿਆਂਵਾਲੇ ਸਮੇਂ ਨਾਲ ਸਬੰਧਤ ਇਕ ਹੋਰ ਛੋਟਾ ਜਿਹਾ ਫੁੱਟਨੋਟ: ਹਰੇਕ ਲੜਾਈ ਕੋਈ ਨਵੀਂ ਕਾਢ ਕੱਢਦੀ ਹੈ। ਕਾਲੇ ਕੱਛੇਵਾਲੇ ਗਰੋਹਾਂ ਨੇ ਇਕ ਨਵੀਂ ਰੀਤ ਚਲਾ ਦਿੱਤੀ ਅਤੇ ਉਹ ਵੀ ਉਸ ਸਮੇਂ ਜਦੋਂ ਉਨ੍ਹਾਂ ਦੀਆਂ ਲੁੱਟ-ਮਾਰਾਂ ਜ਼ੋਰ ਤੇ ਸਨ ਉਹ ਇਹ ਕਿ ਕੇਂਦਰੀ ਵਿਕਾਸ ਵਿੰਗ ਨੇ ਪੰਜਾਬ ਸੰਘਰਸ਼ ਦਾ ਇਕ ਮਹੱਤਵਪੂਰਣ "ਤਕਨੀਕੀ ਹੱਲ", ਅਰਥਾਤ ਹਥਿਆਰਬੰਦ ਟਰੈਕਟਰ, ਕੱਢਿਆ। ਨਿਸ਼ਚੇ ਹੀ, ਫੌਜ ਪੁਲਿਸ ਨੂੰ ਕਿੰਨੀਆਂ ਹੀ ਬਖਤਰਬੰਦ ਗੱਡੀਆਂ ਸਪਲਾਈ ਕਰ ਸਕਦੀ ਸੀ, ਪਰੰਤੂ ਇਹ ਭਾਰਤੀ ਅਤੇ ਵਿਦੇਸ਼ੀ ਪ੍ਰੈਸ ਵਿਚ ਬੜਾ ਬੁਰਾ ਲਗਣਾ ਸੀ ਜੇਕਰ ਪੰਜਾਬ ਪੁਲਿਸ ਬਖਤਰਬੰਦ ਗੱਡੀਆਂ ਜਾਂ ਟੈਂਕਾਂ ਵਿਚ ਪਿੰਡਾਂ ਦੁਆਲੇ ਘੁੰਮਣਾ ਸ਼ੁਰੂ ਕਰ ਦਿੰਦੀ। ਹਥਿਆਰਬੰਦ ਟਰੈਕਟਰਾਂ ਨਾਲ ਮਕਸਦ ਤਾਂ ਭਾਵੇਂ ਪੂਰਾ ਹੋ ਗਿਆ ਪਰੰਤੂ ਅਪਰਾਧ ਦਾ ਲੇਬਲ ਉਨ੍ਹਾਂ ਤੇ ਨਹੀਂ ਸੀ ਲੱਗਾ।

ਗਿੱਲ ਨੇ ਇਸ ਦੇ ਮੂਲ ਰੂਪ ਦੀ ਅਜ਼ਮਾਇਸ਼ ਕਰਨ ਤੋਂ ਬਾਅਦ, ਉਸ ਨੇ ਇਸ ਸਕੀਮ ਨੂੰ ਪ੍ਰਵਾਨਗੀ ਦੇ ਦਿੱਤੀ ਅਤੇ ਪੰਜਾਬ ਦੇ ਰਾਜਪਾਲ ਵੀਰਿੰਦਰਾ ਵਰਮਾ ਨਾਲ ਅਗਲੀ ਮੀਟਿੰਗ ਵਿਚ ਪੁਲਿਸ ਲਈ 250 ਟ੍ਰੈਕਟਰਾਂ ਦੀ ਮੰਗ ਰੱਖ ਦਿੱਤੀ ਜਿਨ੍ਹਾਂ ਤੇ ਉਸ ਨੇ ਪੁਲਿਸ ਦੀਆਂ ਵਰਕਸ਼ਾਪਾਂ ਵਿਚ ਆਰਮਰਡ ਪਲੇਟਾਂ ਲਗਵਾਉਣ ਦਾ ਇਰਾਦਾ ਜ਼ਾਹਰ ਕੀਤਾ। ਵਿੱਤ ਸੱਕਤਰ, ਆਰ.ਐਨ. ਗੁਪਤਾ ਜਿਹੜਾ ਉਥੇ ਹਾਜ਼ਰ ਸੀ, ਨੇ ਇਤਰਾਜ਼ ਕੀਤਾ : "ਪੁਲਿਸ ਲਈ ਟਰੈਕਟਰਾਂ ਦੀ ਟਰਾਂਸਪੋਰਟ ਦਾ ਅਧਿਕਾਰ ਕਦੋਂ ਤੋਂ ਦਿੱਤਾ ਗਿਆ ਹੈ ?" ਇਸ ਤੇ ਗਿੱਲ ਗੁੱਸਾ ਖਾ ਗਿਆ ਅਤੇ ਉਸ ਨੇ ਕਿਹਾ ਕਿ ਉਹ ਚਲਾ ਜਾਵੇਗਾ ਜੇਕਰ ਉਸ ਨੂੰ ਹੋਰ ਪ੍ਰਸ਼ਨ ਪੁੱਛੇ ਅਤੇ ਉਹ ਜਾਣ ਲਈ ਉੱਠ ਕੇ ਖੜ੍ਹਾ

ਵੀ ਹੋ ਗਿਆ। ਵਰਮਾ ਨੇ ਤੁਰਤ ਉਸ ਨੂੰ ਤਸੱਲੀ ਦਿਵਾਈ ਅਤੇ ਗੁਪਤਾ ਨੂੰ ਪੁਲਿਸ ਲਈ 50 ਟ੍ਰੈਕਟਰ ਮਨਜ਼ੂਰ ਕਰਨ ਲਈ ਕਿਹਾ।

ਇਸ ਘਟਨਾ ਨੇ ਜ਼ਾਹਰ ਕਰ ਦਿੱਤਾ ਕਿ ਗਿੱਲ ਦਾ ਰਾਜ ਦੇ ਸਿਵਲ ਪ੍ਰਸ਼ਾਸਨ ਤੇ ਮੁਕੰਮਲ ਪ੍ਰਭਾਵ ਸੀ ਅਤੇ ਉਹ ਰਾਜਪਾਲ ਦੀ ਵੀ ਪ੍ਰਵਾਹ ਨਹੀਂ ਸੀ ਕਰਦਾ। ਇਹ ਚੀਜ਼ ਰਾਜਪਾਲ ਦੀ ਸਥਿਤੀ ਵੀ ਦਰਸਾਉਂਦੀ ਹੈ। ਬਾਅਦ ਵਿਚ ਵਰਮਾ ਨੂੰ ਹਿਮਾਚਲ ਪ੍ਰਦੇਸ਼ ਵਿਚ ਬਦਲ ਦਿੱਤਾ ਗਿਆ ਅਤੇ ਫਿਰ ਉਸਨੇ ਕਿਹਾ ਕਿ ਪੰਜਾਬ ਪੁਲਿਸ ਦਾ ਸਾਹਮਣਾ ਕਰਨਾ ਅਸੰਭਵ ਹੈ।

*ਜ਼ਬਰਦਸਤੀ ਲੁੱਟਾਂ*

ਜਿਉਂ ਹੀ ਹਾਲਾਤ ਤੇਜ਼ੀ ਨਾਲ ਆਮ ਵਰਗੇ ਹੋਣੇ ਸ਼ੁਰੂ ਹੋ ਗਏ ਤਾਂ ਜਬਰਨ ਲੁੱਟਾਂ-ਖੋਹਾਂ ਵਾਲੇ ਸ਼ੁਰੂ ਹੋ ਗਏ। ਕਈ ਥਾਵਾਂ ਤੇ ਪੁਲਿਸ ਵਾਲੇ 'ਬਰੌਂਕਸ ਪੈਟਰਨ' ਤੇ ਉਤਰ ਆਏ : "ਮਿਸਟਰ ਇਹ ਵਧੀਆ ਧੰਦਾ ਹੈ ... ਪ੍ਰਤਿ ਮਹੀਨਾ ਪੰਜ ਹਜ਼ਾਰ ਕਮਾਈ ਜਾਓ ਵਿਗੜੇਗਾ ਕੁਝ ਨਹੀਂ।"

ਅਗਸਤ 13, 1991 ਨੂੰ **ਦਿ ਟ੍ਰਿਬਿਊਨ** ਨੇ ਖਬਰ ਦਿੱਤੀ : "ਲੁੱਟਾਂ-ਖੋਹਾਂ ਕਰਨ ਵਾਲਿਆਂ ਵਲੋਂ, ਜਿਨ੍ਹਾਂ ਵਿਚ ਕੁਝ ਹਿੰਦੂ ਸੁਰੱਖਿਆ ਸੰਮਤੀ ਨਾਲ ਸਬੰਧਤ ਸਨ, ਘਟ ਗਿਣਤੀ ਫਿਰਕੇ ਦੇ ਲੋਕਾਂ ਤੋਂ ਨਜ਼ਰਾਨਾ ਮੰਗਣ ਲਈ "ਦਸ਼ਮੇਸ਼ ਰਜਮੈਂਟ" ਦੇ ਨਾਂ ਤੇ ਪੱਤਰ ਲਿਖਣ ਦੀਆਂ ਮਿਸਾਲਾਂ ਹਾਲ ਹੀ ਵਿਚ ਬਠਿੰਡਾ ਜ਼ਿਲ੍ਹੇ ਵਿਚ ਸਾਹਮਣੇ ਆਈਆਂ ਹਨ। ਪੁਲਿਸ ਨੇ ਇਸ ਸਬੰਧ ਵਿਚ ਕੁਝ ਵਿਅਕਤੀਆਂ ਵਿਰੁੱਧ ਆਈ ਪੀ ਸੀ ਦੀਆਂ ਧਾਰਾਵਾਂ 506, 507, 120-ਅ ਅਤੇ ਟਾਡਾ ਅਧੀਨ ਧਮਕੀਆਂ ਦੇਣ ਅਤੇ ਜ਼ਬਰੀ ਪੈਸੇ ਬਟੋਰਨ ਦੇ ਕੇਸ ਦਰਜ ਕੀਤੇ ਹਨ।"

ਇਕ ਰਿਪੋਰਟ ਅਨੁਸਾਰ ਦੋ ਵਿਅਕਤੀਆਂ, ਰਾਮਾ ਮੰਡੀ ਦੇ ਕੇਵਲ ਕੁਮਾਰ ਅਤੇ ਰਾਜ ਕੁਮਾਰ ਨੇ ਕਸਬੇ ਦੇ ਇਕ ਛੋਟੇ ਵਪਾਰੀ ਨੂੰ ਇਹ ਕਹਿੰਦਿਆਂ ਸੁਨੇਹਾ ਭੇਜਿਆ ਕਿ ਉਹ ਮਿੱਥੀ ਥਾਂ ਤੇ 30 ਹਜ਼ਾਰ ਰੁਪਈਆ ਰੱਖ ਦੇਵੇ ਨਹੀਂ ਤਾਂ ਉਸਦੇ ਮੁੰਡੇ ਨੂੰ ਮਾਰ ਦਿੱਤਾ ਜਾਵੇਗਾ। ਆਪਣੇ ਸੁਨੇਹੇ ਦਾ ਪੂਰਾ ਜ਼ੋਰ ਪਾਉਣ ਦੇ ਮਕਸਦ ਲਈ ਉਨ੍ਹਾਂ ਨੇ ਇਕ ਖਾੜਕੂ ਜਥੇਬੰਦੀ ਦਸ਼ਮੇਸ਼ ਰੈਜਮੈਂਟ ਦਾ ਨਾਂ ਵਰਤਿਆ। ਇਸੇ ਤਰ੍ਹਾਂ ਦੇ ਮੈਸੇਜ ਸੱਤ ਹੋਰ ਵਿਅਕਤੀਆਂ ਨੂੰ ਭੇਜੇ ਗਏ। ਪੁਲਿਸ ਨੇ ਘੇਰਾ ਪਾ ਲਿਆ ਅਤੇ ਪੈਸੇ ਬਟੋਰਨ ਵਾਲਿਆਂ ਨੂੰ ਰੰਗੇ ਹੱਥੀਂ ਪਕੜ ਲਿਆ।

ਬਠਿੰਡਾ ਜ਼ਿਲ੍ਹੇ ਵਿਚ ਇਕ ਹੋਰ ਛੋਟੇ ਕਸਬੇ ਬੁਢਲਾਡਾ ਵਿਖੇ ਇਕ ਸਥਾਨਕ ਪ੍ਰਧਾਨ ਅਤੇ ਹਿੰਦੂ ਸੁਰਕਸ਼ਾ ਸੰਮਤੀ ਦੇ ਸਟੇਟ ਸੈਕਟਰੀ ਰਮੇਸ਼ ਸਿੰਗਲਾ ਅਤੇ ਇਕ ਸ਼ਾਮ ਲਾਲ ਨੂੰ ਧਮਕੀ ਵਾਲੇ ਪੱਤਰ ਭੇਜਦਿਆਂ ਪਕੜਿਆ ਗਿਆ। ਰਿਪੋਰਟ ਵਿਚ ਕਿਹਾ ਗਿਆ ਕਿ ਇਨ੍ਹਾਂ ਦੋਹਾਂ ਨੇ ਆਪਣੀ ਸਕੀਮ ਨੂੰ ਅੱਗੇ ਵਧਾਉਣ ਲਈ ਕੁਝ ਸਥਾਨਕ ਹਿੰਦੂਆਂ ਨੂੰ ਆਪਣੇ ਨਾਲ ਰਲਾਉਣ ਦੀ

ਯੋਜਨਾ ਬਣਾਈ ਸੀ।

*ਜਾਇਦਾਦ ਨੂੰ ਨਸ਼ਟ ਕਰਨਾ ਅਤੇ ਜ਼ਬਤ ਕਰਨਾ*

ਮਨਜੀਤ ਕੌਰ ਇਕ 41 ਸਾਲਾਂ ਦੀ ਵਿਧਵਾ, ਜਿਸ ਦਾ ਪੁੱਤਰ ਖਾੜਕੂਆਂ ਨਾਲ ਰਲ ਗਿਆ ਸੀ, ਨੂੰ ਪੁਲਿਸ ਨੇ ਆਪਣਾ ਸ਼ਿਕਾਰ ਬਣਾਇਆ। 29 ਨਵੰਬਰ, 1993 ਨੂੰ ਰੋਪੜ ਦੇ ਐਸ ਐਸ ਪੀ ਅਜੀਤ ਸਿੰਘ ਸੰਧੂ ਨੇ ਉਸ ਦੇ ਇਕ ਕਮਰੇ ਵਾਲੇ ਘਰ ਨੂੰ ਪੁਲਿਸ ਚੌਕੀ ਵਿਚ ਬਦਲਣ ਦਾ ਹੁਕਮ ਦਿੱਤਾ ਅਤੇ 12 ਪੁਲਸੀਆਂ ਨੂੰ ਹੁਕਮ ਦਿੱਤਾ ਕਿ ਉਹ ਉਸ ਘਰ ਵਿਚ ਹੀ ਰਿਹਾਇਸ਼ ਰੱਖਣ - ਉਸੇ ਕਮਰੇ ਵਿਚ ਉਹ ਸੌਂਦੇ ਸਨ। ਐਸ ਐਸ ਪੀ ਨੇ ਮੰਨਿਆਂ ਕਿ ਮਨਜੀਤ ਕੌਰ ਦੇ ਘਰ ਤੇ ਕਬਜ਼ਾ ਉਸ ਨੂੰ ਆਪਣੇ ਪੁੱਤਰ ਨੂੰ ਆਤਮ-ਸਮਰਪਣ ਕਰਨ ਲਈ ਉਕਸਾਉਣ ਕਰਕੇ ਕੀਤਾ ਗਿਆ ਸੀ।

ਪੁਲਿਸ ਅਤੇ ਪ੍ਰੈਸ ਵਾਸਤੇ ਉਹ ਇਕ ਕੱਟੜ ਅੱਤਵਾਦੀ ਸੁਖਦੇਵ ਸਿੰਘ ਬੱਬਰ ਸੀ; ਉਸ ਦੇ ਗਵਾਂਢੀਆਂ ਲਈ ਉਹ ਇਕ ਖਾਂਦਾ-ਪੀਂਦਾ ਸਰਕਾਰੀ ਠੇਕੇਦਾਰ ਜਸਮੇਰ ਸਿੰਘ ਸੀ। ਉਸ ਦੇ ਵਿਆਹ ਤੋਂ ਪਹਿਲਾਂ ਉਸ ਦੀ ਪਤਨੀ ਜਵਾਹਰ ਕੌਰ ਅਤੇ ਉਸ ਦੀਆਂ ਭੈਣਾਂ ਜੋ ਨਾਭੇ ਵਾਲੀਆਂ ਬੀਬੀਆਂ ਦੇ ਨਾਂ ਤੇ ਗੁਰਦੁਆਰੇ ਵਿਚ ਗਾਉਂਦੀਆਂ ਹੁੰਦੀਆਂ ਸਨ ਅਤੇ ਜਿਹੜੀਆਂ ਵਿਸ਼ੇਸ਼ ਕਰਕੇ ਬਲਿਊਸਟਾਰ ਤੋਂ ਬਾਅਦ ਜੋਸ਼ੀਲੇ ਗਾਣੇ ਗਾਉਣ ਲਈ ਮਸ਼ਹੂਰ ਸਨ। ਉਹ ਪਟਿਆਲਾ ਵਿਚ ਇਕ ਵੱਡੇ ਸਾਰੇ ਬੰਗਲੇ ਵਿਚ ਰਹਿੰਦੇ ਸਨ ਜਿਹੜਾ "ਵਾਈਟ ਹਾਊਸ" ਵਜੋਂ ਜਾਣਿਆਂ ਜਾਂਦਾ ਸੀ। ਸੁਖਦੇਵ ਸਿੰਘ ਨੂੰ 8 ਅਗਸਤ, 1992 ਨੂੰ ਮਾਰ ਦਿੱਤਾ ਗਿਆ ਸੀ ਅਤੇ ਉਸ ਘਰ ਤੇ ਕਬਜ਼ਾ ਕਰਕੇ ਸੀ ਆਰ ਪੀ ਐਫ ਦੇ ਹਵਾਲੇ ਕਰ ਦਿੱਤਾ ਗਿਆ ਸੀ ਜਿਸ ਨੇ ਉਸ ਨੂੰ ਪੁਲਿਸ ਚੌਕੀ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ। ਜਵਾਹਰ ਕੌਰ ਅਤੇ ਉਸ ਦੇ ਬੱਚੇ ਨੂੰ ਨਿਆਸਰੇ ਅਤੇ ਰੋਟੀ ਦੇ ਮੁਹਥਾਜ ਬਣਾ ਦਿੱਤਾ ਗਿਆ।

*ਅਮਨ ਕਾਇਮ ਕਰਨ ਅਤੇ "ਸਾੜ ਫੂਕ ਵਾਲੀ" ਨੀਤੀ*

ਸੁਲ੍ਹਾ-ਸਫਾਈ ਸਬੰਧੀ ਇਕ ਸ੍ਰੇਸ਼ਟ ਬਿਆਨ ਇਕ ਅਮਰੀਕਨ ਆਰਮੀ ਕਮਾਂਡਰ ਵਲੋਂ ਦਿੱਤਾ ਗਿਆ। ਇਕ ਵਿਅਤਨਾਮੀ ਪਿੰਡ ਮਾਈ-ਲਾਈ ਵਿਚ ਨਸਲਕੁਸ਼ੀ ਦੀ ਜਾਂਚ ਕਰਨ ਵਾਲੀ ਇਕ ਕਾਂਗਰੈਸ਼ਨਲ ਕਮੇਟੀ ਅਗੇ ਬੁਲਾਏ ਗਏ ਇਸ ਫੌਜੀ ਕਮਾਂਡਰ ਨੇ ਬੜੀ ਹਲੀਮੀ ਨਾਲ ਕਿਹਾ :"ਮੈਨੂੰ ਪਿੰਡ ਨੂੰ ਬਚਾਉਣ ਲਈ ਇਸ ਨੂੰ ਨਸ਼ਟ ਕਰਨਾ ਪਿਆ।" ਇਸੇ ਕਿਸਮ ਦੇ ਢੰਗ-ਤਰੀਕੇ ਪੰਜਾਬ ਨੂੰ "ਬਚਾਉਣ" ਲਈ ਵਰਤੇ ਗਏ।

1986 ਵਿਚ ਕੇਂਦਰ ਸਰਕਾਰ ਨੇ ਪਾਕਿਸਤਾਨ ਨਾਲ ਲਗਦੀ ਸਰਹੱਦ ਦੇ ਨਾਲ-ਨਾਲ ਵਸੋਂ ਨੂੰ ਖਾਲੀ ਕਰਾਉਣ ਲਈ ਅਤੇ ਉਥੇ ਕੇਂਦਰ ਸਰਕਾਰ ਦਾ ਕੰਟ੍ਰੋਲ ਕਾਇਮ ਕਰਨ ਲਈ ਇਕ ਯੋਜਨਾ ਤਿਆਰ ਕੀਤੀ। ਚਾਹੇ ਆਖਿਰ

ਇਹ ਸਕੀਮ ਛੱਡ ਦਿੱਤੀ ਗਈ ਸੀ ਪਰੰਤੂ ਇਸ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ ਸੀ ਅਤੇ ਇਸ ਤੋਂ ਸਰਕਾਰ ਦੇ ਇਰਾਦੇ ਦਾ ਪਤਾ ਲੱਗਾ।

ਭਾਰਤ ਵਾਲੇ ਪਾਸੇ ਸਰਹੱਦ ਤੇ ਪੰਜ ਕਿਲੋਮੀਟਰ ਤਕ ਜਗ੍ਹਾ ਨੂੰ ਖਾਲੀ ਕਰਵਾਉਣ ਦੀ ਤਜਵੀਜ਼ ਸੀ। ਇਸ ਪੱਟੀ ਵਿਚ ਆਉਂਦੇ ਸਾਰੇ ਪਿੰਡ ਖਾਲੀ ਕੀਤੇ ਜਾਣੇ ਸਨ ਅਤੇ ਇਹ ਥਾਂ ਪਧਰੀ ਕੀਤੀ ਜਾਣੀ ਸੀ, ਜ਼ਮੀਨ ਅਣਵਾਹੀ ਰੱਖੀ ਜਾਣੀ ਸੀ ਅਤੇ ਇਸ ਨੂੰ ਵਾਪਸ ਕੀਤੇ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ ਅਤੇ ਸਾਰੀ ਬੈਲਟ ਤੇ ਕੇਂਦਰ ਸਰਕਾਰ ਦਾ ਸਿੱਧਾ ਕੰਟ੍ਰੋਲ ਹੋਣਾ ਸੀ।

ਇਸ ਦਿਸ਼ਾ ਵਲ ਪਹਿਲੀ ਕਾਰਵਾਈ ਇਹ ਸੀ ਕਿ ਰਾਜ ਸਭਾ ਨੇ ਸੰਸਦ ਨੂੰ ਰਾਜਾਂ ਦੀ ਸੂਚੀ ਵਿਚ ਸ਼ਾਮਲ ਕੁਝ ਮਾਮਲਿਆਂ ਤੇ ਕਾਨੂੰਨ ਬਣਾਉਣ ਲਈ ਅਧਿਕਾਰ ਦਿੰਦਿਆਂ ਅਨੁਛੇਦ 249 ਅਧੀਨ ਇਕ ਮਤਾ ਪਾਸ ਕੀਤਾ। ਇਹ ਵਿਸ਼ੇ ਹਨ : (1) ਕਾਨੂੰਨ ਅਤੇ ਵਿਵਸਥਾ, (2) ਪੁਲਿਸ ਅਤੇ (3) ਜੇਲ੍ਹਾਂ।

ਇਸ ਸਕੀਮ ਨੂੰ ਲਾਗੂ ਕਰਨ ਵਿਚ ਮੁੱਖ ਰੁਕਾਵਟ ਵਿਵਾਦ ਅਧੀਨ ਇਲਾਕੇ ਦੀ ਸੰਘਣੀ ਆਬਾਦੀ ਸੀ। ਗੁਜਰਾਤ ਅਤੇ ਰਾਜਸਥਾਨ ਦੇ ਸਰਹੱਦੀ ਇਲਾਕੇ ਅਣ-ਉਪਜਾਊ ਹਨ ਅਤੇ ਉਥੇ ਵਸੋਂ ਬਹੁਤ ਘੱਟ ਹੈ ਪਰੰਤੂ ਪੰਜਾਬ ਵਿਚ ਅਤੇ ਜੰਮੂ ਵਿਚ ਸਰਹਦ ਦੇ ਨਾਲ ਲਗਦੇ ਇਲਾਕੇ ਵਿਚ ਆਬਾਦੀ ਬਹੁਤ ਸੰਘਣੀ ਹੈ। ਪੰਜਾਬ ਵਿਚ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਹਨ : ਇਹ ਸਾਰਾ ਇਲਾਕਾ, ਜਿਸ ਵਿਚ ਸੁਰੱਖਿਆ ਦੀ ਲੋੜ ਹੈ, ਕੋਈ 2000 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ (2 ਲੱਖ ਹੈਕਟੇਅਰ ਜਾਂ 4.94 ਲੱਖ ਏਕੜ), ਇਸ ਬੈਲਟ ਅੰਦਰ 559 ਪਿੰਡ ਹਨ ਅਤੇ ਇਸ ਵਿਚ 2.6 ਲੱਖ ਲੋਕ ਰਹਿੰਦੇ ਹਨ।

ਇਸ ਖੇਤਰ ਵਿਚ ਭੂਮੀ ਦੀ ਵਰਤੋਂ ਇਸ ਤਰ੍ਹਾਂ ਹੈ :

1,60,000 ਹੈਕਟੇਅਰ ਵਿਚ ਖੇਤੀ ਹੁੰਦੀ ਹੈ, 20,000 ਹੈਕਟੇਅਰ ਗੈਰ-ਜ਼ਰਾਇਤੀ ਭੂਮੀ ਹੈ, 14,000 ਹੈਕਟੇਅਰ ਉਪਜਾਊ ਬਣਾਏ ਜਾ ਸਕਣ ਵਾਲੀ ਜ਼ਮੀਨ ਹੈ ਅਤੇ 6,000 ਹੈਕਟੇਅਰ ਜੰਗਲਾਤ ਰਕਬਾ ਹੈ। ਇਸ ਜ਼ਮੀਨ ਵਿਚੋਂ ਸਾਲਾਨਾ ਪੈਦਾਵਾਰ 108 ਕਰੋੜ ਸੀ (ਜੰਗਲਾਤ ਅਤੇ ਪਸ਼ੂ-ਧਨ ਦੀ ਆਮਦਨ ਤੋਂ ਇਲਾਵਾ)। ਇਹ ਹਿਸਾਬ ਲਗਾਇਆ ਗਿਆ ਕਿ ਕੇਂਦਰ ਦੇ ਅਧਿਕਾਰ ਹੇਠ ਇਸ ਰਕਬੇ ਦੇ ਆ ਜਾਣ ਨਾਲ 2,890 ਕਰੋੜ ਰੁਪਏ ਦੀ ਸੰਪਤੀ (ਜ਼ਮੀਨ, ਘਰ, ਮੁੱਢਲੀਆਂ ਸਹੂਲਤਾਂ (ਇਨਫ੍ਰਾਸਟਰੱਕਚਰ), ਪਸ਼ੂ-ਧਨ ਅਤੇ ਵਣ) ਤੋਂ ਹੱਥ ਧੋਣਾ ਪੈਣਾ ਸੀ।

2.6 ਲੱਖ ਲੋਕਾਂ ਨੂੰ ਉਥੋਂ ਉਠਣਾ ਪੈਣਾ ਸੀ - ਇਹ ਸੰਖਿਆ ਸਿੱਕਮ ਰਾਜ ਦੀ ਜਨਸੰਖਿਆ ਦੇ ਬਰਾਬਰ ਹੈ। ਪੰਜਾਬ ਪਹਿਲਾਂ ਹੀ ਬਹੁਤ ਸੰਘਣੀ ਆਬਾਦੀ ਵਾਲਾ ਰਾਜ ਹੈ ਜਿਥੇ ਜ਼ਰਾਇਤੀ ਜ਼ਮੀਨ ਫਾਲਤੂ ਨਹੀਂ ਹੈ। ਇਨ੍ਹਾਂ

2.6 ਲੱਖ ਉਖਾੜੇ ਗਏ ਕਿਸਾਨਾਂ ਦਾ ਕੀ ਬਣਦਾ? ਇਸ ਦਾ ਅਨੁਮਾਨ ਲਗਾਉਣਾ ਔਖਾ ਹੈ। ਮੁਆਵਜ਼ਾ ਦੇਣ ਲਈ ਬਹੁਤ ਭਾਰੀ ਰਕਮ ਦੀ ਜ਼ਰੂਰਤ ਪੈਣੀ ਸੀ ਅਤੇ ਫਿਰ ਵੀ ਇਸ ਦੀ ਸੰਭਾਵਨਾ ਹੈ ਕਿ ਬੇਦਖਲ ਕੀਤੇ ਗਏ ਵਿਅਕਤੀਆਂ ਦੀ ਇੰਨੇ ਵੱਡੇ ਇਲਾਕੇ ਵਿਚੋਂ ਕਈ ਇਲਾਕਿਆਂ ਨੇ ਖਾੜਕੂ ਪੈਦਾ ਕਰਨ ਵਾਲਿਆਂ ਲਈ ਇਕ ਆਦਰਸ਼ ਫਿਸ਼ਿੰਗ ਗਰਾਉਂਡ ਬਣ ਜਾਣਾ ਸੀ। ਇਹ ਵਿਚਾਰ ਕਿ ਇਹ ਲੋਕ ਰਾਜ ਤੋਂ ਬਾਹਰ ਮੁੜ-ਵਸੇਬੇ ਲਈ ਸਹਿਮਤ ਹੋ ਜਾਂਦੇ, ਗਲਤ ਸੀ : ਉਹ ਜਾਣਦੇ ਸਨ ਕਿ ਦੇਸ਼ ਦੇ ਹੋਰਨਾਂ ਭਾਗਾਂ ਵਿਚ ਸਿੱਖਾਂ ਨੂੰ ਬਹੁਤ ਧੱਕੇ ਸ਼ਾਹੀ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪਿਆ।

ਇਹ ਸਕੀਮ ਮਨੁੱਖੀ ਅਧਿਕਾਰਾਂ ਦੇ ਕਾਰਜਕਰਤਾਵਾਂ ਦੁਆਰਾ ਤੱਥ ਇਕੱਤਰ ਕਰਨ ਅਤੇ ਸੁਰੱਖਿਆ ਪੱਟੀ ਦੀ ਤਜਵੀਜ਼ ਨੂੰ ਰੱਦ ਕਰਨ ਲਈ ਸੰਸਦ ਦੇ ਮੈਂਬਰਾਂ ਅੱਗੇ ਬੇਹੱਦ ਰੌਲਾ-ਰੱਪਾ ਪਾਉਣ ਤੋਂ ਬਾਅਦ ਛੱਡ ਦਿੱਤੀ ਸੀ। ਪਰ, ਇਸ ਗੁੱਟ ਦੀਆਂ ਸਰਹੱਦ ਤੇ ਕੰਡਿਆਲੀ ਤਾਰ ਲਗਾਉਣ ਸਬੰਧੀ ਸਿਫਾਰਸ਼ਾਂ ਨੂੰ ਬਾਅਦ ਵਿਚ ਇੰਨ-ਬਿੰਨ ਲਾਗੂ ਕਰ ਦਿੱਤਾ ਗਿਆ ਸੀ। ਇਹ ਤੱਥ ਪਾਰਲੀਮੈਂਟ ਅੱਗੇ ਰੱਖਣ ਦਾ ਸਿਹਰਾ ਪੰਜਾਬੀ ਯੂਨੀਵਰਸਿਟੀ ਦੇ ਵਿਭਾਗਾਂ ਦੇ ਦੋ ਮੁੱਖੀਆਂ - ਇਕ ਆਰਥਕ ਭੁਗੋਲ ਦੇ ਪ੍ਰੋਫੈਸਰ ਜੀ.ਬੀ. ਸਿੰਘ ਅਤੇ ਦੂਜੇ ਵੀ. ਪਰਕਾਸਮ, ਪ੍ਰੋਫੈਸਰ ਆਫ਼ ਲਿੰਗੁਇਸਟਿਕਸ, ਸਾਬਕਾ ਐਡਵੋਕੇਟ-ਜਨਰਲ, ਪੰਜਾਬ, ਮਹਿੰਦਰ ਸਿੰਘ ਸੇਠੀ ਅਤੇ ਮੇਜਰ ਜਨਰਲ (ਰਿਟਾਇਰਡ) ਐਚ.ਐਸ. ਕਲੇਰ, ਐਮ ਵੀ ਸੀ, ਏ ਵੀ ਐਮ ਐਸ ਨੂੰ ਜਾਂਦਾ ਹੈ। ਇਸ ਵਿਚ ਇਸ ਪੁਸਤਕ ਦੇ ਲੇਖਕ ਨੇ ਵੀ ਟੀਮ ਦੇ ਨੇਤਾ ਵਜੋਂ ਭੂਮਿਕਾ ਨਿਭਾਈ।

{ਨੋਟ : ਜੇਕਰ ਸਰਹੱਦੀ ਇਲਾਕੇ ਦੇ ਲੋਕ ਮੁੜ-ਵਸਾਏ ਗਏ ਕਿਸਾਨਾਂ ਦੀ ਕਿਸਮਤ ਦੇ ਕੇਸ ਦਾ ਅਧਿਐਨ ਕਰਨਾ ਚਾਹੁੰਦੇ ਸਨ ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਸੀ ਕਿ ਰਾਜਸਥਾਨ ਵਿਚ ਪੌਂਗ ਡੈਮ ਵਿਚੋਂ ਕੱਢੇ ਗਏ (ਜ਼ਿਆਦਾਤਰ ਸਿੱਖ) ਲੋਕਾਂ ਨਾਲ ਕੀ ਬੀਤਿਆ ਸੀ। 25 ਸਾਲਾਂ ਬਾਅਦ ਵੀ ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕੀ ਹੱਕ ਨਹੀਂ ਦਿੱਤੇ ਗਏ ਸਨ ਅਤੇ ਉਨ੍ਹਾਂ ਨੂੰ ਬਾਹਰ ਕਢਵਾਉਣ ਲਈ ਕਈ ਕਿਸਮ ਦੇ ਪ੍ਰਸ਼ਾਸਕੀ ਉਪਰਾਲੇ ਕੀਤੇ ਜਾ ਰਹੇ ਸਨ। 1957-59 ਵਿਚ ਭਾਖੜਾ ਤੋਂ ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਹਿਸਾਰ ਅਤੇ ਸਿਰਸਾ ਜ਼ਿਲ੍ਹਿਆਂ (1966 ਤੋਂ ਬਾਅਦ ਹਰਿਆਣਾ ਦੇ ਜ਼ਿਲ੍ਹੇ) ਵਿਚ ਜ਼ਮੀਨ ਦਿੱਤੀ ਗਈ ਸੀ। 1978 ਵਿਚ ਇਨ੍ਹਾਂ ਵਿਅਕਤੀਆਂ ਨੇ ਆਪਣੇ ਪ੍ਰਤਿਨਿਧਾਂ ਰਾਹੀਂ ਲੋਕ ਸਭਾ ਵਿਚ ਇਹ ਪੈਟੀਸ਼ਨ ਲਿਆਂਦੀ ਕਿ ਉਨ੍ਹਾਂ ਦੀ ਜ਼ਮੀਨ ਦੇ ਮਾਲਕੀਅਤੀ ਹੱਕ ਉਨ੍ਹਾਂ ਨੂੰ ਅਜੇ ਵੀ ਨਹੀਂ ਦਿੱਤੇ ਗਏ। 70% ਬੇਦਖਲ ਕੀਤੇ ਗਏ ਵਿਅਕਤੀਆਂ ਨੂੰ ਪੰਜ-ਪੰਜ ਏਕੜ ਤੋਂ ਵੀ ਘੱਟ ਜ਼ਮੀਨ ਦਿੱਤੀ ਗਈ ਸੀ। ਪੈਟੀਸ਼ਨ ਵਿਚ ਕਿਹਾ ਗਿਆ ਕਿ 2,180 ਪਰਿਵਾਰਾਂ,

ਜਿਨ੍ਹਾਂ ਨੂੰ ਹਰਿਆਣਾ ਵਿਚ ਵਸਾਇਆ ਜਾਣਾ ਸੀ, ਵਿਚੋਂ ਕੇਵਲ 730 ਪਰਿਵਾਰ ਹੀ ਹੁਣ ਤਕ ਵਸਾਏ ਜਾ ਚੁਕੇ ਹਨ। ਪੌਂਗ ਡੈਮ ਅਤੇ ਭਾਖੜਾ ਡੈਮ ਦੇ ਬੇਦਖਲ ਕੀਤੇ ਗਏ ਵਿਅਕਤੀਆਂ ਲਈ ਦਰਜਨਾਂ ਪ੍ਰਤਿਬੇਨਤੀਆਂ ਦਾ ਕੋਈ ਲਾਭ ਨਹੀਂ ਹੋਇਆ। ਹਰਿਆਣਾ ਅਤੇ ਰਾਜਸਥਾਨ ਇਨ੍ਹਾਂ ਲੋਕਾਂ ਨੂੰ ਆਪਣੇ ਰਾਜਾਂ ਵਿਚ ਵਸਾਉਣਾ ਨਹੀਂ ਚਾਹੁੰਦੇ ਸਨ।

ਪੰਜਾਬ ਵਿਚ ਉਦਯੋਗਿਕ ਵਿਕਾਸ ਦੇ ਮੌਕੇ ਦੇਣ ਲਈ ਵਪਾਰੀਆਂ ਅਤੇ ਉਦਯੋਗਪਤੀਆਂ ਨੂੰ ਰਾਜ ਵਿਚ ਸਸਤੇ ਭਾਅ ਤੇ ਜ਼ਮੀਨ ਅਤੇ ਹੋਰ ਸਹੂਲਤਾਂ ਦੇ ਵਾਅਦੇ ਕਰਕੇ ਖਿੱਚਿਆ ਜਾ ਰਿਹਾ ਹੈ। ਇਹ ਜ਼ਮੀਨ ਬਹੁਤ ਉਪਜਾਊ ਹੈ ਅਤੇ ਸਿੱਖ ਭਾਈਚਾਰੇ ਨਾਲ ਸਬੰਧਤ ਹੈ ਅਤੇ ਇਸ ਨੂੰ ਰਾਜ ਵਿਚ ਅਤੇ ਰਾਜੋਂ ਬਾਹਰਲੇ ਉਦਯੋਗਪਤੀਆਂ ਨੂੰ ਇਸ ਦੇ ਬਾਜ਼ਾਰੀ ਮੁੱਲ ਦੇ ਚੌਥੇ ਹਿੱਸੇ ਤੋਂ ਘੱਟ ਮੁੱਲ ਤੇ ਵੇਚਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਇਹ ਜ਼ਮੀਨ 1 ਲੱਖ ਹੈਕਟੇਅਰ ਤੋਂ ਵੱਧ ਹੈ। ਕਿਹਾ ਜਾਂਦਾ ਹੈ ਕਿ ਇਹ ਜ਼ਮੀਨ ਉਦਯੋਗਿਕ ਮਿਲਖਾਂ, ਵੱਡੇ-ਵੱਡੇ ਕਾਰਖਾਨੇ ਅਤੇ ਕਸਬਿਆਂ ਦੇ ਵਿਕਾਸ ਲਈ ਹੈ। ਜ਼ਮੀਨ ਅਲਾਟ ਕਰਨ ਦੇ ਨਿਯਮਾਂ ਵਿਚ ਸਪੱਸ਼ਟ ਤੌਰ ਤੇ ਕਿਹਾ ਗਿਆ ਹੈ ਕਿ ਇਸ ਤਰ੍ਹਾਂ ਅਲਾਟ ਕੀਤੀ ਜਾਣ ਵਾਲੀ ਜ਼ਮੀਨ ਬੰਜਰ ਹੋਣੀ ਚਾਹੀਦੀ ਹੈ ਅਤੇ ਬਜਾਏ ਇਸ ਦੇ ਕਿ ਸਰਕਾਰ ਸਸਤੇ ਭਾਅ ਤੇ ਉਦਯੋਗਪਤੀਆਂ ਨੂੰ ਜ਼ਮੀਨ ਦੇਣ ਲਈ ਰਾਜ ਦੀ ਉਪਜਾਊ ਜ਼ਮੀਨ ਪ੍ਰਾਪਤ ਕਰੇ, ਪੰਜਾਬ ਵਿਚ ਇਕ ਘਣੀ ਨੀਮ-ਪਹਾੜੀ ਪੱਟੀ ਹੈ ਜਿਥੇ ਇਨ੍ਹਾਂ ਨੂੰ ਵਸਾਇਆ ਜਾ ਸਕਦਾ ਹੈ। (ਜੇਕਰ ਉਦਯੋਗਪਤੀ ਇਸ ਜ਼ਮੀਨ ਨੂੰ ਲੈਣ ਲਈ ਇੰਨੇ ਉਤਸਕ ਹਨ ਤਾਂ ਸਰਕਾਰ ਵਿਚ ਦਖਲ ਕਿਉਂ ਦਿੰਦੀ ਹੈ ? ਉਦਯੋਗਪਤੀ ਕਿਸਾਨਾਂ ਨਾਲ ਸਿੱਧੇ ਤੌਰ ਤੇ ਸੌਦਾ ਕਰ ਸਕਦੇ ਹਨ ਅਤੇ ਕੀਮਤ ਤੈਅ ਕਰ ਸਕਦੇ ਹਨ।)

ਸਿਆਸਤਦਾਨਾਂ ਅਤੇ ਉਦਯੋਗਪਤੀਆਂ ਵਿਚਕਾਰ ਸਬੰਧ ਬੜਾ ਸਾਫ਼ ਹੈ ਅਤੇ ਸਿੱਖ ਕਿਸਾਨਾਂ ਨੂੰ ਇਹ ਸਹਿਣ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਖਾੜੇ ਗਏ ਲੋਕਾਂ ਨੂੰ ਮੁੱਖ ਮੰਤਰੀ ਦੁਆਰਾ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਰਗੇ ਰਾਜਾਂ ਵਿਚ ਦੁਗਣੀ ਜ਼ਮੀਨ ਖਰੀਦਣ ਜਿੰਨਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਹੋਇਆ ਇਹ ਕਿ ਬੇਦਖਲ ਕੀਤੇ ਗਏ ਵਿਅਕਤੀਆਂ ਨੇ ਆਖਰ ਮਾਯੂਸ ਹੋ ਕੇ ਪੰਜਾਬ ਅੰਦਰ ਜ਼ਮੀਨ ਖਰੀਦਣ ਲਈ ਕੋਸ਼ਿਸ਼ ਕੀਤੀ, ਲੇਕਿਨ ਕੀਮਤਾਂ ਏਨੀਆਂ ਚੜ੍ਹ ਗਈਆਂ ਅਤੇ ਆਖਰਕਾਰ ਉਨ੍ਹਾਂ ਨੂੰ ਆਪਣਾ ਨਵਾਂ ਜੀਵਨ ਬਿਤਾਉਣਾ ਔਖਾ ਹੋ ਗਿਆ।

ਇਹ ਢਾਰਸ ਦਿਵਾਉਣ ਦਾ ਇਕ ਹੋਰ ਪੱਖ ਹੈ ਅਤੇ ਇਸ ਵਿਚ ਅਜਿਹੀ ਪਹੁੰਚ ਦੀ ਝਲਕ ਪੈਂਦੀ ਹੈ ਜਿਸ ਰਾਹੀਂ ਪੰਜਾਬ ਇਕ ਬਸਤੀ ਨਜ਼ਰ ਆਉਂਦਾ ਹੈ।

ਸੁਰੱਖਿਆ ਬੈਲਟ ਜਿਸ ਤਰ੍ਹਾਂ ਯੋਜਨਾਬੱਧ ਕੀਤੀ ਗਈ ਸੀ ਉਹ

ਉਸੇ ਤਰ੍ਹਾਂ ਸਿਰੇ ਨਹੀਂ ਚੜ੍ਹੀ। ਇਥੇ ਇਕ ਹੋਰ ਮਿਸਾਲ ਵੀ ਹੈ ਕਿ ਜਦੋਂ ਬੇਤਰਤੀਬੀ ਕੁਦਰਤੀ ਆਫ਼ਤ ਰਾਹੀਂ ਸੁਰੱਖਿਆ ਬਲਾਂ ਨੂੰ ਦਿੱਤਾ ਗਿਆ ਮੌਕਾ ਹੱਥੋਂ ਖੁਸ ਗਿਆ ਅਤੇ ਇਹ ਸੀ ਸਰਕਾਰ ਦੀਆਂ ਬੇਰਹਿਮ ਚਾਲਾਂ ਰਾਹੀਂ ਬਲਾਂ ਨੂੰ ਦਿੱਤੀ ਗਈ ਵਿਨਾਸ਼ਕਾਰੀ ਤਾਕਤ।

ਸਤੰਬਰ, 1988 ਦੇ ਦੂਜੇ ਹਫ਼ਤੇ ਵਿਚ ਵਰਖਾ ਸ਼ੁਰੂ ਹੋ ਗਈ। ਮਾਨਸੂਨ ਦਾ ਮੌਸਮ ਆਮ ਤੌਰ ਤੇ ਉਦੋਂ ਤਕ ਚਲੇ ਜਾਂਦਾ ਹੈ ਪਰੰਤੂ ਇਹ ਵਰਖਾ ਜ਼ੋਰਾਂ ਦੀ ਪਈ ਇਹ ਨਿਰਵਿਘਨ ਲਗਭਗ ਦੋ ਹਫ਼ਤੇ ਲਗਾਤਾਰ ਪੈਂਦੀ ਰਹੀ। ਜਦੋਂ ਅਸਮਾਨ ਸਾਫ਼ ਹੋ ਗਿਆ ਤਾਂ ਨੁਕਸਾਨ ਦੇ ਸਰਕਾਰੀ ਅੰਕੜੇ ਸੰਪਤੀ ਸਬੰਧੀ 2,700 ਕਰੋੜ ਰੁਪਏ ਸਨ ਅਤੇ ਜਾਨੀ ਨੁਕਸਾਨ ਦੇ 900 ਸਨ। ਇਹ ਅੰਕੜੇ ਘਟਾ ਕੇ ਦਿੱਤੇ ਗਏ ਸਨ।

ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਦੇ ਚੇਥਰਮੈਨ ਬੀ.ਐਨ. ਕੁਮਾਰ ਨੇ ਅਕਤੂਬਰ ਦੇ ਸ਼ੁਰੂ ਵਿਚ ਇਕ ਪ੍ਰੈਸ ਕਾਨਫਰੰਸ ਬੁਲਾਈ। ਉਸ ਨੇ ਅਖਬਾਰਾਂ ਵਾਲਿਆਂ ਨੂੰ ਕਿਹਾ "ਕਿ ਪੰਜਾਬ ਅਤੇ ਕਈ ਹੋਰਨੀਂ ਥਾਈਂ ਅਸੀਂ ਸਾਰੇ ਉਸ ਸਮੇਂ ਬਹੁਤ ਭਾਰੀ ਬਿਪਤਾ ਵਿਚ ਸਾਂ ਜਦੋਂ ਸਤੰਬਰ ਦੇ ਆਖਰੀ ਸਪਤਾਹ ਦੌਰਾਨ ਭਾਖੜਾ ਡੈਮ ਦਾ ਪਾਣੀ ਖਤਰੇ ਦੇ ਨਿਸ਼ਾਨ ਤੋਂ ਸਿਰਫ 0.03 ਇੰਚ ਹੀ ਥੱਲੇ ਸੀ ਕਿਉਂਕਿ ਉਦੋਂ ਡੈਮ ਦਾ ਪਾਣੀ ਖ਼ਤਰੇ ਦੇ 1.04 ਇੰਚ ਨਿਸ਼ਾਨ ਵਿਰੁੱਧ 0.99 ਇੰਚ ਤਕ ਚੜ੍ਹ ਗਿਆ ਸੀ। ਅਸੀਂ ਭਾਖੜਾ ਡੈਮ ਨੂੰ ਇਸ ਕਰਕੇ ਬਚਾਇਆ ਕਿਉਂਕਿ ਇਸ ਨੂੰ ਬਚਾਉਣਾ ਅਤਿ ਜ਼ਰੂਰੀ ਸੀ ਨਹੀਂ ਤਾਂ ਸਭ ਕੁਝ ਖ਼ਤਮ ਹੋ ਜਾਣਾ ਸੀ ..." ਭਾਖੜਾ ਬੰਨ ਦੇ ਟੁੱਟ ਜਾਣ ਨਾਲ ਮੌਤ ਦੀ ਅਜਿਹੀ ਲਹਿਰ ਉਠਣੀ ਸੀ ਕਿ ਅੱਧਾ ਪੰਜਾਬ ਰੁੜ੍ਹ ਜਾਣਾ ਸੀ।

ਭਾਖੜੇ ਦਾ ਖ਼ਤਰੇ ਦਾ ਨਿਸ਼ਾਨ 1685 ਫੁੱਟ ਹੈ। ਜਦੋਂ ਪਾਣੀ ਇਸ ਨਿਸ਼ਾਨ ਤੋਂ ਉਪਰ ਚੜ੍ਹ ਜਾਵੇ ਤਾਂ ਇਸ ਨੂੰ "ਬੋਨਸ" ਸਮਝ ਕੇ ਰੋਕੀ ਰੱਖਣਾ ਨਹੀਂ ਹੁੰਦਾ ਪਰੰਤੂ ਇਸ ਨੂੰ ਛੱਡਿਆ ਜਾਣਾ ਹੁੰਦਾ ਹੈ। ਇਹ ਇਕ ਪ੍ਰਮਾਣਿਕ ਵਿਧੀ ਹੈ। ਐਪਰ ਕਈ ਸਾਲਾਂ ਤੋਂ ਇਸ ਪ੍ਰਣਾਲੀ ਤੇ ਅਮਲ ਨਹੀਂ ਸੀ ਕੀਤਾ ਜਾ ਰਿਹਾ। ਭਾਖੜਾ ਪਣ-ਬਿਜਲੀ ਘਰਾਂ ਤੋਂ ਦਿੱਲੀ ਦੀ ਕਾਫੀ ਪ੍ਰਤਿਸ਼ਤ ਬਿਜਲੀ ਸਪਲਾਈ ਕੀਤੀ ਜਾਂਦੀ ਹੈ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈੱਨ ਸਰਦੀ ਰੁੱਤ ਦੇ ਬਹੁਤ ਖੁਸ਼ਕ ਮਹੀਨਿਆਂ ਦੌਰਾਨ ਵੀ ਡੈਮ ਦੀਆਂ ਟਰਬਾਈਨਾਂ ਨੂੰ ਪੂਰੇ ਜ਼ੋਰਾਂ ਤੇ ਚਲਾਈ ਰੱਖਣ ਲਈ ਸਦਾ ਦਬਾਅ ਅਧੀਨ ਹੁੰਦੇ ਹਨ।

ਅਜਿਹਾ ਉਦੋਂ ਤਕ ਨਹੀਂ ਕੀਤਾ ਜਾ ਸਕਦਾ ਜਿੰਨਾ ਚਿਰ ਰਿਜ਼ਰਵਾਇਰ ਚੰਗੀ ਤਰ੍ਹਾਂ ਭਰਿਆ ਨਹੀਂ ਹੁੰਦਾ ਬਲਕਿ ਇਸ ਵਿਚ ਵਾਧੂ ਪਾਣੀ ਹੋਣਾ ਚਾਹੀਦਾ ਹੈ। ਪੰਜਾਬ ਰਾਜ ਬਿਜਲੀ ਬੋਰਡ ਦੇ ਚੇਅਰਮੈੱਨਾਂ ਨੇ ਰਿਜ਼ਰਵਾਇਰ ਦੇ ਪ੍ਰਵਾਣਿਤ ਸਟੋਰੇਜ ਲੈਵਲ ਵਿਚ ਕਈ ਵਾਰੀ ਵਾਧਾ ਕੀਤਾ - ਉਨ੍ਹਾਂ ਨੇ ਅਜਿਹਾ ਕਰਨ ਦਾ ਫੈਸਲਾ ਸਰਦੀਆਂ ਦੇ ਸੋਕੇ ਕਾਰਣ ਉਪਜਣ ਵਾਲੇ ਹਾਲਾਤ

ਤੇ ਕਾਬੂ ਪਾਉਣ ਲਈ ਜਾਣਬੁਝ ਕੇ ਕੀਤਾ। ਜਦੋਂ ਬਾਰਸ਼ਾਂ ਪਈਆਂ ਤਾਂ ਰਿਜ਼ਰਵਾਇਰ ਪਹਿਲਾਂ ਹੀ ਆਪਣੇ ਸੁਪਰ-ਫੁਲ ਨਿਸ਼ਾਨ ਨੂੰ ਪਾਰ ਕਰ ਚੁੱਕਾ ਸੀ।

ਜਦੋਂ ਕਈ ਦਿਨ ਲਗਾਤਾਰ ਵਰਖਾ ਹੁੰਦੀ ਰਹੀ ਤਾਂ ਛੇਤੀ ਹੀ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਭਾਖੜੇ ਤੋਂ ਵਾਧੂ ਪਾਣੀ ਛੱਡਣਾ ਹੀ ਪਵੇਗਾ। ਅਤੇ ਫਿਰ ਵੀ ਇੰਜੀਨੀਅਰਾਂ ਨੇ - ਚਾਹੇ ਡੈਮ ਦੇ ਸਾਹਮਣੇ ਪੈਂਦੀ ਧਰਤੀ ਅਤੇ ਲੋਕਾਂ ਦੀ ਸੁਰੱਖਿਆਂ ਲਈ ਨਾ ਸਹੀ - ਡੈਮ ਦੀ ਸੁਰੱਖਿਆ ਦੀ ਗਾਰੰਟੀ ਲਈ ਪ੍ਰਮਾਣਿਕ ਪ੍ਰਥਾ ਦੇ ਪੱਖੋਂ ਵੀ ਡੈਮ ਦਾ ਵਾਧੂ ਪਾਣੀ ਛੱਡਣ ਲਈ ਗੇਟ ਨਾ ਖੋਲ੍ਹੇ। ਉਹ 10 ਦਿਨਾਂ ਵਿਚ ਹੌਲੀ ਹੌਲੀ ਫੇਜ਼ ਅਨੁਸਾਰ ਪਾਣੀ ਛੱਡ ਸਕਦੇ ਸਨ ਪਰ ਉਹ ਤਦ ਤਕ ਇੰਤਜ਼ਾਰ ਕਰਦੇ ਰਹੇ ਜਦ ਤਕ ਕਿ ਡੈਮ ਨੂੰ ਖ਼ਤਰਾ ਪੈਦਾ ਨਹੀਂ ਹੋ ਗਿਆ। ਆਖ਼ਿਰ ਕਿਉਂ ?

ਇਹ ਆਮ ਸੋਚ ਹੈ ਕਿ ਕਿਸੇ ਸੱਜਣ ਨੂੰ ਇਕ ਖ਼ਾਸ ਫੁਰਨਾ ਆਇਆ। ਉਹ ਇਹ ਸੀ ਕਿ ਸਤਲੁਜ ਘਾਟੀ ਵਿਚ ਤੇਜ਼ ਪਾਣੀ ਦੇ ਬਹਾਅ ਨਾਲ ਦਲਦਲ ਅਤੇ ਨਿਗਰਾਨੀ ਨਾ ਰੱਖ ਸਕੇ ਜਾਣ ਵਾਲੇ ਮੰਡ ਦੇ ਇਲਾਕੇ ਵਿਚੋਂ ਅੱਤਵਾਦੀ ਆਪਣੀਆਂ ਲੁਕਣਗਾਹਾਂ ਵਿਚੋਂ ਰੁੜ੍ਹ ਜਾਣਗੇ।

ਲੋਕਾਂ ਦੁਆਰਾ ਇਸ ਤਰ੍ਹਾਂ ਸੋਚਣ ਦਾ ਇਕ ਕਾਰਣ ਇਹ ਸੀ ਕਿ ਨੀਮ-ਫੌਜੀ ਬਲਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਜਦ ਕਿ ਉਨ੍ਹਾਂ ਦੇ ਕੈਂਪ ਸਾਰੇ ਇਲਾਕੇ ਵਿਚ ਸਨ। ਜ਼ਾਹਰ ਹੈ ਕਿ ਇਨ੍ਹਾਂ ਨੂੰ ਇਸ ਤਬਾਹੀ ਤੋਂ ਪਹਿਲਾਂ ਪਹਿਲਾਂ ਬਾਹਰ ਕੱਢ ਲਿਆਂਦਾ ਗਿਆ ਸੀ। ਆਮ ਸ਼ਹਿਰੀਆਂ ਦੀਆਂ ਮੌਤਾਂ ਦੀ ਗਿਣਤੀ 5,000 ਤੋਂ ਵੱਧ ਸੀ। ਕਈ ਸਿਰਕੱਢ ਨਾਗਰਿਕਾਂ ਦੁਆਰਾ ਜਾਨ ਅਤੇ ਮਾਲ ਸਬੰਧੀ ਤਿਆਰ ਕੀਤੀ ਗਈ ਰਿਪੋਰਟ ਐਮ ਏ ਐਸ ਆਰ ਦੁਆਰਾ ਰਾਜਪਾਲ ਐਸ ਐਸ ਰੇਅ ਨੂੰ ਪੇਸ਼ ਕੀਤੀ ਗਈ ਸੀ। ਇਹ ਕਿਵੇਂ ਹੋ ਸਕਦਾ ਹੈ ਕਿ 5,000 ਪੇਂਡੂ ਤਾਂ ਹੜ੍ਹ ਗਏ ਹੋਣ ਅਤੇ ਸੁਰੱਖਿਆ ਕਰਮਚਾਰੀ ਇਕ ਵੀ ਨਾ ਮਰਿਆ ਹੋਵੇ?

ਸੱਚਾਈ ਭਾਵੇਂ ਕੁਝ ਵੀ ਹੋਵੇ, ਇਹ ਯਕੀਨੀ ਹੈ ਕਿ ਖਾੜਕੂਆਂ ਨੇ ਏਨਾਂ ਜ਼ਿਆਦਾ ਪਾਣੀ ਛੱਡਣ ਲਈ, ਜਿਸ ਨੇ ਭਿਆਨਕ ਤਬਾਹੀ ਮਚਾ ਦਿੱਤੀ, ਬਿਜਲੀ ਬੋਰਡ ਨੂੰ ਜ਼ਿੰਮੇਵਾਰ ਠਹਿਰਾਇਆ। ਜਨਰਲ ਕੁਮਾਰ ਉਪਰੋਕਤ ਹਵਾਲਾ ਦਿੱਤੀ ਗਈ ਪ੍ਰੈਸ ਕਾਨਫਰੰਸ ਤੋਂ ਇਕ ਦੋ ਦਿਨਾਂ ਬਾਅਦ ਜਦੋਂ ਉਹ ਇਕ ਦਿਨ ਸਵੇਰ ਨੂੰ ਚੰਡੀਗੜ੍ਹ ਵਿਚ ਆਪਣੇ ਘਰੋਂ ਬਾਹਰ ਨਿਕਲ ਰਹੇ ਸਨ, ਨੂੰ ਉਸ ਦੇ ਘਰ ਦੇ ਸਾਹਮਣੇ ਉਸ ਤੇ ਗੋਲੀਆਂ ਦੀ ਬੁਛਾੜ ਕਰਕੇ ਮਾਰ ਦਿੱਤਾ ਗਿਆ।

*ਕਿਸੇ ਦੀ ਧਾਰਮਿਕ ਆਜ਼ਾਦੀ ਵਿਚ ਦਖ਼ਲਅੰਦਾਜ਼ੀ ਕਰਨਾ*

ਭਾਰਤੀ ਸੰਵਿਧਾਨ ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਦਖਲਅੰਦਾਜ਼ੀ

ਦੇ ਧਾਰਮਿਕ ਆਜ਼ਾਦੀ ਦੀ ਗਾਰੰਟੀ ਦਿੰਦਾ ਹੈ।

ਸਿੱਖਾਂ ਦੇ ਕੇਸ ਵਿਚ, ਕੇਂਦਰ ਜਾਂ ਰਾਜ ਸਰਕਾਰ ਦੁਆਰਾ ਜਦੋਂ ਕਾਂਗਰਸ-ਆਈ ਦੀ ਸਰਕਾਰ ਸੀ, ਇਸ ਸੰਵਿਧਾਨਕ ਗਾਰੰਟੀ ਦੀ ਪਰਵਾਹ ਨਹੀਂ ਕੀਤੀ ਗਈ। 1984-94 ਦੇ ਸਮੇਂ ਦੌਰਾਨ ਪੰਜਾਬ ਜ਼ਿਆਦਾ ਚਿਰ ਰਾਸ਼ਟਰਪਤੀ ਰਾਜ ਅਧੀਨ ਰਿਹਾ ਜਿਸ ਕਰਕੇ ਇਥੇ ਸਿੱਧਾ ਕੇਂਦਰ ਦਾ ਰਾਜ ਹੁੰਦਾ ਸੀ। ਇਸੇ ਸਮੇਂ ਦੌਰਾਨ ਸਰਕਾਰ ਨੇ ਸਿੱਖਾਂ ਦੀਆਂ ਧਾਰਮਿਕ ਰੀਤਾਂ ਵਿਚ ਟੰਗ ਅੜਾਉਣੀ ਸ਼ੁਰੂ ਕਰ ਦਿੱਤੀ - ਕੁਝ ਕੇਸਾਂ ਵਿਚ ਤਾਂ ਸਿੱਖ ਧਾਰਮਕ ਰਸਮਾਂ ਦੀ ਪਾਲਣਾ ਕਰਨ ਵਿਚ ਸਿੱਧਾ ਦਖਲ ਦਿੱਤਾ ਗਿਆ ਅਤੇ ਦੂਜੇ ਕੇਸਾਂ ਵਿਚ ਆਪਣੇ ਮੰਤਵਾਂ ਲਈ ਸਿੱਖ ਮਰਿਆਦਾਵਾਂ ਵਿਚ ਦਖਲ ਦੇਣ ਦੀ ਕੋਸ਼ਿਸ਼ ਕੀਤੀ ਗਈ।

ਸਿੱਖ ਦੋ ਕਿਸਮ ਦਾ ਅੰਮ੍ਰਿਤ ਪੀਂਦੇ ਹਨ : ਇਕ ਵਾਰੀ ਬੱਚੇ ਨੂੰ ਜਨਮ ਸਮੇਂ ਪਿਲਾਇਆ ਜਾਂਦਾ ਹੈ ਅਤੇ ਦੂਜੀ ਵਾਰੀ ਪੱਕੀ ਉਮਰ ਅਰਥਾਤ ਆਪਣੇ ਹੋਸ਼-ਹਵਾਸ਼ ਸੰਭਾਲਣ ਤੇ ਇਕ ਪੀਤਾ ਜਾਂਦਾ ਹੈ। ਇਸ ਨੂੰ "ਅੰਮ੍ਰਿਤ ਛੱਕਣਾ" ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਵਿਅਕਤੀ ਖਾਲਸਾ ਬਣਦਾ ਹੈ ਅਤੇ ਅੰਮ੍ਰਿਤ ਦੋਵੇਂ, ਆਦਮੀ ਅਤੇ ਔਰਤਾਂ ਛੱਕਦੇ ਹਨ ਅਤੇ ਅੰਮ੍ਰਿਤ ਛੱਕਣ ਵਾਲੇ ਵਿਅਕਤੀ ਨੂੰ ਹਮੇਸ਼ਾਂ ਪੰਜ ਧਾਰਮਿਕ ਰਹਿਤਾਂ ਰੱਖਣੀਆਂ ਪੈਂਦੀਆਂ ਹਨ। ਇਸ ਤੋਂ ਬਾਅਦ ਉਸ ਨੂੰ ਅੰਮ੍ਰਿਤਧਾਰੀ ਕਿਹਾ ਜਾਂਦਾ ਹੈ।

ਇਹ ਇਕ ਪਵਿੱਤਰ ਪ੍ਰਤਿਗਿਆ ਹੈ ਅਤੇ ਇਹ ਬਹੁਤ ਭਾਵੁਕ ਰਸਮ ਹੈ - ਬਲਕਿ ਇਸਾਈ ਮਤ ਦੀ ਤਰ੍ਹਾਂ "ਇਕ ਨਵਾਂ ਜਨਮ" ਲੈਣ ਦੇ ਤੁਲ ਹੈ। ਆਪਣੇ ਆਪ ਨੂੰ ਨੈਤਿਕ ਪੱਧਰ ਤੇ ਜੱਦੋ-ਜਹਿਦ ਲਈ ਬੰਨ੍ਹੇ ਹੋਣ ਕਰਕੇ ਵਿਦਰੋਹੀ ਬਣਾ ਦਿੰਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਨੇ ਇਨ੍ਹਾਂ ਨੂੰ ਭੈਅ ਅਤੇ ਸ਼ੱਕ ਦੀ ਨਿਗਾਹ ਨਾਲ ਕਿਉਂ ਦੇਖਿਆ।

ਬਲਿਊਸਟਾਰ ਤੋਂ ਤੁਰਤ ਬਾਅਦ, "**ਬਾਤਚੀਤ**" (ਨੰ:153) ਸਾਰੇ ਸਿਪਾਹੀਆਂ ਨੂੰ ਜਾਰੀ ਕੀਤੇ ਗਏ ਇਕ ਫੌਜੀ ਹੁਕਮ ਵਿਚ ਕਿਹਾ ਗਿਆ :

"ਕਿ ਸਾਰੇ ਦੇਸ਼ ਦੇ ਕੁਝ ਭੋਲੇ-ਭਾਲੇ ਲੋਕਾਂ ਨੂੰ ਧਰਮ ਦੇ ਨਾਂ ਤੇ ਅੱਤਵਾਦੀਆਂ ਦਾ ਸਮਰਥਨ ਕਰਨ ਅਤੇ ਅੱਤਵਾਦੀ ਕਾਰਵਾਈ ਵਿਚ ਹਿੱਸਾ ਲੈਣ ਦੀ ਸਹੁੰ ਚੁਕਾਈ ਗਈ ਸੀ। ਇਹ ਲੋਕ ਆਪਣੇ ਗਲਾਂ ਵਿਚ ਛੋਟੀ ਕਿਰਪਾਨ ਪਹਿਨਦੇ ਹਨ ਅਤੇ ਇਨ੍ਹਾਂ ਨੂੰ ਅੰਮ੍ਰਿਤਧਾਰੀ ਕਿਹਾ ਜਾਂਦਾ ਹੈ ... ਭਾਵੇਂ ਬਹੁਤ ਸਾਰੇ ਅੱਤਵਾਦੀਆਂ ਨਾਲ ਨਜਿੱਠ ਲਿਆ ਗਿਆ ਅਤੇ ਬਹੁਤ ਸਾਰਾ ਗੋਲੀ ਸਿੱਕਾ ਵੀ ਬਰਾਮਦ ਕਰ ਲਿਆ ਗਿਆ ਹੈ, ਫਿਰ ਵੀ ਉਨ੍ਹਾਂ ਵਿਚੋਂ ਬਹੁਤੇ ਅਜੇ ਹੱਥ ਨਹੀਂ ਆਏ।ਦੇਸ਼ ਵਿਚ ਸ਼ਾਂਤੀ ਬਹਾਲ ਕਰਨ ਦੇ ਆਖਰੀ ਨਿਸ਼ਾਨੇ ਤੇ ਪੁੱਜਣ ਲਈ ਅਜੇ ਉਨ੍ਹਾਂ ਨੂੰ ਕਾਬੂ ਕਰਨਾ ਜ਼ਰੂਰੀ ਹੈ।

ਇਥੇ ਇਹ ਜ਼ਿਕਰ ਕਰਨਾ ਭਲੇ ਵਿਚ ਹੋਵੇਗਾ ਕਿ ਕਾਂਗਰਸ-ਆਈ ਮੁੱਖ ਮੰਤਰੀ ਦਰਬਾਰਾ ਸਿੰਘ, ਕੇਂਦਰੀ ਗ੍ਰਿਹ ਮੰਤਰੀ ਬੂਟਾ ਸਿੰਘ ਅਤੇ ਭਾਰਤ

ਦੇ ਰਾਸ਼ਟਰਪਤੀ, ਗਿਆਨੀ ਜ਼ੈਲ ਸਿੰਘ, ਸਾਰੇ ਅੰਮ੍ਰਿਤਧਾਰੀ ਸਨ - ਸੱਚਮੁਚ ਖ਼ਤਰਨਾਕ ਆਦਮੀ ਸਨ ਪਰੰਤੂ ਸਿਖ ਨਜ਼ੱਰੀਏ ਤੋਂ ਇਹ ਯਹੂਦੀ (ਜੂਡਾਜ਼ ਰੈਟਸ) ਸਨ।

ਡੀ. ਜੀ. ਪੀ. ਜੂਲੀਓ ਰਿਬੈਰੋ ਨੇ ਆਪਣੀ ਪੁਸਤਕ ਵਿਚ ਲਿਖਿਆ ਹੈ: "ਕਿ ਮੈਨੂੰ ਇਸ ਉਸ ਮੌਕੇ ਦੀ ਯਾਦ ਆਉਂਦੀ ਹੈ ਜਦੋਂ ਭਿੰਡਰਾਂਵਾਲੇ ਦੇ ਪਿਤਾ ਸਿੱਖਾਂ ਨੂੰ 'ਅੰਮ੍ਰਿਤ ਛਕਾਉਣ' ਅਤੇ ਧਾਰਮਿਕ ਪ੍ਰਥਾਵਾਂ ਦੀ ਪਾਲਣਾ ਕਰਨ ਦੀ ਸਹੁੰ ਚੁਖਣ ਵਾਸਤੇ ਉਨ੍ਹਾਂ ਨੂੰ ਪ੍ਰੇਰਣ ਲਈ ਪੰਜਾਬ ਦਾ ਦੌਰਾ ਕਰ ਰਹੇ ਸਨ। ਇਸ ਗੱਲ ਦੀ ਚਾਰੇ ਪਾਸੇ ਚਰਚਾ ਸੀ। ਮੁੱਖ ਸਕੱਤਰ ਪ੍ਰਫੁੱਲਾ ਵੈਸ਼ਨਵ ਅਤੇ ਕੰਵਲਜੀਤ ਸਿੰਘ ਦੇ ਸਮਰਥਨ ਨਾਲ ਮੈਂ ਵੀ ਉਸ ਬਜ਼ੁਰਗ ਆਦਮੀ ਦੀ ਗਿਰਫਤਾਰੀ ਤੇ ਜ਼ੋਰ ਦਿੱਤਾ। ਇੰਟੈਲੀਜੈਂਸੀ ਦੇ ਮੁੱਖੀ, ਪੀ. ਐਸ. ਹੂਰਾ ਸਮੇਤ ਹੋਰ ਕਰਮਚਾਰੀ ਵਚਨਬੱਧ ਨਹੀਂ ਸਨ। ਉਹ ਬਰਨਾਲੇ ਦੇ ਪ੍ਰਤਿਕ੍ਰਮ ਦਾ ਇੰਤਜ਼ਾਰ ਕਰ ਰਹੇ ਸਨ। ਕੰਵਲਜੀਤ ਸਿੰਘ ਇਸ ਮਾਮਲੇ ਤੇ ਬੜੇ ਦ੍ਰਿੜ੍ਹ ਸਨ। ਆਖਰਕਾਰ, ਬਰਨਾਲਾ ਝੁਕ ਗਿਆ ਅਤੇ ਉਸਨੇ ਆਪਣੀ ਸਹਿਮਤੀ ਦੇ ਦਿੱਤੀ।

ਫਿਰ, ਕੰਵਲਜੀਤ ਸਿੰਘ ਅਤੇ ਮੈਂ ਇਸ ਸਬੰਧ ਵਿਚ ਵਿਸਥਾਰਪੂਰਬਕ ਕਾਰਵਾਈ ਕਰਨ ਲਈ ਵਿਚਾਰਾਂ ਕਰਨ ਲੱਗ ਪਏ। ਸਾਨੂੰ ਘੰਟਾ ਕੁ ਹੀ ਹੋਇਆ ਸੀ ਕਿ ਸੁਨੇਹਾ ਮਿਲਿਆ ਕਿ ਬਰਨਾਲਾ ਸਾਹਿਬ ਸਾਡੇ ਨਾਲ ਗੱਲ ਕਰਨਾ ਚਾਹੁੰਦੇ ਹਨ। ਅਸੀਂ ਸ਼ੰਕਾ ਕੀਤੀ ਕਿ ਕੁਝ ਮਾੜਾ ਹੋਣ ਵਾਲਾ ਹੈ। ਬਰਨਾਲਾ ਸਾਹਿਬ ਨੇ ਆਪਣਾ ਇਰਾਦਾ ਬਦਲ ਲਿਆ ਅਤੇ ਆਪਣੀਆਂ ਪਹਿਲੀਆਂ ਦਿੱਤੀਆਂ ਹਦਾਇਤਾਂ ਨੂੰ ਇਸ ਆਧਾਰ ਤੇ ਰੱਦ ਕਰ ਦਿੱਤਾ ਕਿ ਸਿੱਖਾਂ ਦੀਆਂ ਧਾਰਮਿਕ ਭਾਬਨਾਵਾਂ ਨੂੰ ਠੇਸ ਪਹੁੰਚੇਗੀ। ਦਰਅਸਲ ਭਿੰਡਰਾਂਬਾਲੇ ਦੇ ਪਿਤਾ ਦਾ ਮਨੋਰਥ ਧਾਰਮਿਕ ਨਾਲੋਂ ਰਾਜਨੀਤਕ ਜ਼ਿਆਦਾ ਸੀ।"

1998 ਦੇ ਅੰਤ ਤੇ ਉਨ੍ਹਾਂ ਸਾਹਮਣੇ ਸਿੱਖਾਂ, ਮੁਸਲਮਾਨਾਂ ਅਤੇ ਬੋਧੀਆਂ ਦੀ ਤਰ੍ਹਾਂ ਧਰਮ ਬਦਲੀ ਕਰਕੇ ਈਸਾਈ ਬਣੇ ਵਿਅਕਤੀ ਆਖੀਰ ਤੇ ਸਨ। ਉਨ੍ਹਾਂ ਦੀ ਇਸ ਧਰਮ ਬਦਲੀ ਤੇ ਰਾਜਨੀਤਕ ਅਤੇ ਸਰਕਾਰ ਵਿਰੋਧੀ ਉਦੇਸ਼ਾਂ ਪੱਖੋਂ ਸ਼ੰਕਾ ਕੀਤੀ ਗਈ। ਭਾਰਤੀ ਸੰਵਿਧਾਨ ਕਿਸੇ ਵੀ ਧਰਮ ਨੂੰ ਧਾਰਨ ਕਰਨ ਅਤੇ ਉਸ ਦਾ ਪ੍ਰਚਾਰ ਕਰਨ ਦਾ ਅਧਿਕਾਰ ਦਿੰਦਾ ਹੈ। ਲੇਕਿਨ ਇਹ ਚੀਜ਼ ਕਾਗਜ਼ਾਂ ਵਿਚ ਹੀ ਹੈ। ਇਹ ਜਾਪਦਾ ਹੈ ਕਿ ਅਸਲ ਵਿਚ ਭਾਰਤ ਵਿਚ ਪ੍ਰਚਾਰ ਕੀਤੇ ਜਾਣ ਵਾਲਾ ਸਿਰਫ਼ ਇਕੋ ਧਰਮ ਹੈ - ਹਿੰਦੂਵਾਦ। ਬੀ ਜੇ ਪੀ ਸਰਕਾਰ ਧਰਮ ਬਦਲੀ ਕਰਨ ਤੇ ਪਾਬੰਦੀ ਲਗਾਉਣਾ ਚਾਹੁੰਦੀ ਹੈ, ਪਰੰਤੂ ਮੁੜ-ਧਰਮ ਪਰਿਵਰਤਨ ਦੀ ਆਗਿਆ ਦੇਣਾ ਚਾਹੁੰਦੀ ਹੈ।

ਪੰਜਾਬ ਵਿਚ ਅੰਮ੍ਰਿਤਧਾਰੀ ਬਣ ਜਾਣ ਦਾ ਮਤਲਬ ਸੀ ਪੁਲਿਸ ਅਤੇ ਸੁਰੱਖਿਆ ਤਾਕਤਾਂ ਦਾ ਧਿਆਨ ਤੁਰਤ ਆਪਣੇ ਵਲ ਖਿੱਚਣਾ --- ਇਹ

ਆਪਣੇ ਆਪ ਵਿਚ ਕਿਸੇ ਨੂੰ ਵੱਖਰੇ ਕਰਨ ਵਾਲੀ ਇਕ ਕਾਰਵਾਈ ਹੈ। ਇਸ ਤੋਂ ਇਲਾਵਾ, ਅੰਮ੍ਰਿਤ ਪਾਨ ਕਰਵਾਉਣ ਵਾਲੇ ਜੱਥੇ, ਇਨ੍ਹਾਂ ਦੇ ਨਿਸ਼ਾਨੇ ਬਣੇ ਅਤੇ ਇਨ੍ਹਾਂ ਵਿਅਕਤੀਆਂ ਵਿਚੋਂ ਬਹੁਤੇ - ਪਿੰਡ ਦੇ ਸਿਆਣੇ ਅਤੇ ਆਦਰ-ਮਾਣ ਵਾਲੇ ਵਿਅਕਤੀਆਂ ਨੂੰ ਸਾਧਾਰਣ ਤੌਰ ਤੇ ਹੀ ਖ਼ਤਮ ਕਰ ਦਿੱਤਾ ਗਿਆ ਸੀ।

ਅੰਤਿਮ ਰਸਮਾਂ - ਸਸਕਾਰ ਲਈ ਲਾਸ਼ ਦੇਣ ਤੋਂ ਮਨਾਹੀ ਦਾ ਮਤਲਬ ਹੈ ਅੰਤਮ ਰਸਮਾਂ ਨਿਭਾਉਣ ਤੋਂ ਮਨਾਹੀ।

ਸਿੱਖਾਂ ਵਿਚ ਸਭ ਤੋਂ ਵੱਧ ਜਿਸ ਚੀਜ਼ ਨੇ ਰੋਹ ਲਿਆਂਦਾ ਉਹ ਸੀ ਮਾਰੇ ਗਏ ਖਾੜਕੂਆਂ ਦੀਆਂ ਲਾਸ਼ਾਂ ਨੂੰ ਦੇਣ ਤੋਂ ਪੁਲਿਸ ਦੀ ਮਨਾਹੀ। ਉਹ ਮਰੇ ਹੋਏ ਨੂੰ ਵੀ ਖੁਲ੍ਹਾ ਛੱਡਣਾ ਖ਼ਤਰੇ ਤੋਂ ਖਾਲੀ ਨਹੀਂ ਸੀ ਸਮਝਦੇ। ਇਸ ਦਾ ਮਤਲਬ ਸੀ ਕਿ ਉਸ ਦੇ ਨਜ਼ਦੀਕੀ ਰਿਸ਼ਤੇਦਾਰ ਅੰਤਮ ਰਸਮਾਂ ਵੀ ਨਾ ਨਿਭਾ ਸਕਣ ਜਿਹੜੀਆਂ ਉਨ੍ਹਾਂ ਦੇ ਧਰਮ ਅਨੁਸਾਰ ਜ਼ਰੂਰੀ ਹਨ। ਸਿਰਫ ਲਾਸ਼ਾਂ ਤੋਂ ਹੀ ਨਾਂਹ ਨਹੀਂ ਕੀਤੀ ਜਾਂਦੀ ਸੀ ਬਲਕਿ ਉਨ੍ਹਾਂ ਨੂੰ ਮੌਤ ਤੋਂ 10 ਦਿਨਾਂ ਬਾਅਦ “ਭੋਗ” ਦੀਆਂ ਰਸਮਾਂ ਵੀ ਨਿਭਾਉਣ ਨਹੀਂ ਸੀ ਦਿੱਤਾ ਜਾਂਦਾ। ਭੋਗ ਦੀ ਰਸਮ ਦਾ ਮੰਤਵ ਹੁੰਦਾ ਹੈ ਮ੍ਰਿਤਕ ਦੀ ਰੂਹ ਲਈ ਸ਼ਾਂਤੀ ਦੀ ਅਰਦਾਸ ਕਰਨਾ। ਇਨ੍ਹਾਂ ਰਸਮਾਂ ਵਿਚ ਵੀ ਵਿਘਨ ਪਾਇਆ ਗਿਆ। ਕਈ ਕੇਸਾਂ ਵਿਚ ਭੋਗ ਵਾਲੀ ਥਾਂ ਤੇ ਲੋਕਾਂ ਨੂੰ ਜਾਣ ਤੋਂ ਰੋਕਣ ਲਈ ਸੈਂਕੜੇ ਪੁਲਸੀਏ ਲਗਾਏ ਗਏ।

ਇਸੇ ਵਜ੍ਹਾ ਕਰਕੇ, ਜਦੋਂ ਮਾਰੇ ਗਏ ਵਿਅਕਤੀਆਂ ਦੀਆਂ ਯਾਦਗਾਰਾਂ ਬਣਾਈਆਂ ਗਈਆਂ, ਤਾਂ ਪੁਲਿਸ ਨੇ ਇਨ੍ਹਾਂ ਨੂੰ ਤੁਰਤ ਢਾਅ ਦਿੱਤਾ। ਮ੍ਰਿਤਕ ਦਾ ਨਾਮ ਸੰਗਮਰਮਰ ਦੀਆਂ ਸਲੈਬਾਂ ਤੇ ਉਕਰਨ ਅਤੇ ਇਨ੍ਹਾਂ ਨੂੰ ਗੁਰਦੁਆਰੇ ਦੇ ਆਲੇ-ਦੁਆਲੇ ਦੇ ਰਸਤੇ ਵਿਚ ਲਗਾਉਣ (ਜਿਸ ਨੂੰ ਪਰਕਰਮਾ ਕਿਹਾ ਜਾਂਦਾ ਹੈ) ਦੀ ਰੀਤ ਹੈ। ਇਹ ਨਿਮ੍ਰਤਾ ਪੈਦਾ ਕਰਨ ਅਤੇ ਸ਼ਰਧਾਲੂਆਂ ਲਈ ਆਰਾਮ ਨਾਲ ਲੰਘਣ ਲਈ ਰਸਤਾ ਬਣਾਉਣਾ ਹੈ ਕਿਉਂਕਿ ਉਨ੍ਹਾਂ ਨੇ ਇਸ ਰਸਤੇ ਤੇ ਹੌਲੀ ਹੌਲੀ ਤੁਰਨਾ ਹੁੰਦਾ ਹੈ। ਇਸ ਤੇ ਵੀ ਪਾਬੰਦੀ ਲਗਾ ਦਿੱਤੀ ਗਈ।

ਪਿੰਡ ਦਾ ਗੁਰਦੁਆਰਾ ਮੀਟਿੰਗ ਕਰਨ ਦੀ ਥਾਂ ਹੈ ਅਤੇ ਇਸ ਵਿਚ ਸਕੂਲਾਂ, ਡਿਸਪੈਂਸਰੀਆਂ, ਹੋਸਟਲ ਅਤੇ ਬਜ਼ੁਰਗਾਂ ਅਤੇ ਨਿਆਸਰੇ ਵਿਅਕਤੀਆਂ ਸਮੇਤ ਵੱਖ-ਵੱਖ ਕਿਸਮਾਂ ਦੀਆਂ ਸਮਾਜਿਕ ਸੇਵਾਵਾਂ ਦਾ ਪ੍ਰਬੰਧ ਹੁੰਦਾ ਹੈ। ਕਈ ਥਾਵਾਂ ਤੇ ਗੁਰਦੁਆਰੇ, ਉਥੋਂ ਦੇ ਲੋਕਾਂ ਦੁਆਰਾ, ਮਾਰੇ ਗਏ ਖਾੜਕੂਆਂ ਦੇ ਨਾਵਾਂ ਤੇ, ਬਣਾਏ ਗਏ ਸਨ। ਉਹ ਵੀ ਢਾਅ ਦਿੱਤੇ ਗਏ।

ਸਿੱਖ ਧਰਮ ਦੀ ਮਰਿਆਦਾ ਹੈ ਕਿ ਗੁਰਦੁਆਰਾ ਇਕ ਇਹੋ ਜਿਹੀ ਥਾਂ ਹੈ ਜਿਥੇ ਹਰੇਕ ਵਿਅਕਤੀ ਭੋਜਨ ਖਾ ਸਕਦਾ ਹੈ ਅਤੇ ਰਹਿ ਸਕਦਾ ਹੈ। ਸੰਕਟਕਾਲ ਦੌਰਾਨ ਚੰਦਰ ਸ਼ੇਖਰ ਜਿਹੜਾ ਬਾਅਦ ਵਿਚ ਪ੍ਰਧਾਨ-ਮੰਤਰੀ ਵੀ ਬਣਿਆ, ਉਸ ਸਮੇਤ ਜਨਤਾ ਦਲ ਦੇ ਨੇਤਾਵਾਂ ਨੇ ਨਜ਼ਰਬੰਦੀ ਤੋਂ ਬਚਣ ਲਈ

ਕਈ ਹਫਤੇ ਅਕਾਲ ਤਖ਼ਤ ਵਿਚ ਪਨਾਹ ਲਈ। ਸਿੱਖਾਂ ਨੇ ਨਾ ਤਾਂ ਉਨ੍ਹਾਂ ਨੂੰ ਉਦੋਂ ਬਾਹਰ ਜਾਣ ਲਈ ਕਿਹਾ ਨਾ ਹੀ ਖਾਣੇ ਅਤੇ ਰਹਿਣ ਬਦਲੇ ਕੋਈ ਪੈਸਾ ਵਸੂਲ ਕੀਤਾ ਅਤੇ ਨਾ ਹੀ ਉਨ੍ਹਾਂ ਦੇ ਉਥੇ ਰਹਿਣ ਬਾਰੇ ਉਨ੍ਹਾਂ ਦੇ ਫੜਨ ਵਾਲਿਆਂ ਨੂੰ ਕੋਈ ਸੂਹ ਹੀ ਦਿੱਤੀ। ਇਹ ਗੁਰਦੁਆਰਿਆਂ ਦੀ ਮਰਿਆਦਾ ਹੈ। ਪੰਜਾਬ ਵਿਚ ਸੰਕਟ ਦੇ ਸਾਲਾਂ ਦੌਰਾਨ ਪੁਲਿਸ ਨੇ ਗੁਰਦੁਆਰਿਆਂ ਵਿਚ ਕਿਸੇ ਨੂੰ ਪਨਾਹ ਦੇਣ ਤੇ ਬੜੀ ਸਰਗਰਮੀ ਨਾਲ ਪਾਬੰਦੀ ਲਗਾਈ।

*ਰੋਮਾਂ ਦੀ ਜ਼ਬਰਦਸਤੀ ਬੇਅਦਬੀ ਕਰਨਾ*

ਸਿੱਖ ਧਰਮ ਆਪਣੇ ਅਨੁਯਾਈ ਨੂੰ ਰੋਮ ਕੱਟਣ ਦੀ ਆਗਿਆ ਨਹੀਂ ਦਿੰਦਾ। ਹਿਰਾਸਤ ਵਿਚ ਲਏ ਗਏ ਖਾੜਕੂਆਂ ਦੇ ਅਕਸਰ ਵਾਲ ਕੱਟੇ ਗਏ ਅਤੇ ਸੁਰੱਖਿਆ ਬਲਾਂ ਦੁਆਰਾ ਕੁਝ ਨੌਜਵਾਨਾਂ ਦੇ ਸ਼ਰੇਆਮ ਵਾਲ ਵੀ ਕੱਟੇ ਗਏ। (ਪੁਲਿਸ ਕਮਾਂਡੋਜ਼ ਦੀ ਵਰਦੀ ਵਿਚ ਤਬਦੀਲੀ ਸਬੰਧੀ ਪੁਲਿਸ ਕਮਾਂਡੋਜ਼ ਦੇ ਭਾਗ ਨੂੰ ਦੇਖੋ।) ਉਹ ਪੱਗਾਂ ਨਹੀਂ ਬਨ੍ਹਦੇ ਸਨ ਪਰੰਤੂ ਬਲਕਿ ਅਰਬੀ ਕਿਸਮ ਦੀ ਦਸਤਾਰ ਬੰਨ੍ਹਦੇ ਸਨ। ਦੂਜੇ ਦੇਸਾਂ ਵਿਚ ਸਿੱਖ ਸਿਪਾਹੀਆਂ ਜਾਂ ਕਰਮਚਾਰੀਆਂ ਦਾ ਟੋਪੀ ਜਾਂ ਹੈਲਮੈਟ ਪਨਿਣ ਦੀ ਬਜਾਏ ਪੱਗ ਬੰਨ੍ਹਣ ਦਾ ਹੱਕ ਬਰਕਰਾਰ ਹੈ। ਉਨ੍ਹਾਂ ਦੇ ਆਪਣੇ ਮੁਲਕ ਵਿਚ ਉਨ੍ਹਾਂ ਨੂੰ ਇਹ ਹੱਕ ਪ੍ਰਾਪਤ ਨਹੀਂ ਹੈ।) 1996 ਵਿਚ ਕਾਂਗਰਸ ਮੁੱਖ ਮੰਤਰੀ ਬਰਾੜ ਨੇ ਪੱਗਾਂ ਬੰਨ੍ਹਣ ਦਾ ਆਦੇਸ਼ ਮੁੜ ਜਾਰੀ ਕਰ ਦਿੱਤਾ ਅਤੇ ਪਟਕੇ ਬੰਨ੍ਹਣ ਦਾ ਰਿਵਾਜ਼ ਹਟਾ ਦਿੱਤਾ। ਇਹ ਹੁਣ ਕੇਂਦਰੀ ਸਰਕਾਰ ਦੇ ਦਬਾਅ ਹੇਠ ਮੁੜ ਵਾਪਸ ਪਰਤਦਾ ਪ੍ਰਤੀਤ ਹੋ ਰਿਹਾ ਹੈ।